सत्यमेव जयते

# ਖਰੜਾ ਰਾਸ਼ਟਰੀ ਸਿੱਖਿਆ ਨੀਤੀ 2019

# ਸਾਰ

## ਰਾਸ਼ਟਰੀ ਸਿੱਖਿਆ ਨੀਤੀ ਦੇ ਖਰੜੇ ਲਈ ਕਮੇਟੀ

### ਪ੍ਰਧਾਨ

ਕੇ. ਕਸਤੂਰੀਰੰਗਨ, ਸਾਬਕਾ ਚੇਅਰਮੈਨ, ਆਈਐਸਆਰਓ, ਬੈਂਗਲੂਰੂ

### ਮੈਂਬਰ

a) ਵਸੁਧਾ ਕਾਮਤ, ਸਾਬਕਾ ਵੀਸੀ, ਐਸਐਨਡੀਟੀ ਮਹਿਲਾ ਯੂਨੀਵਰਸਿਟੀ, ਮੁੰਬਈ

b) ਮੰਜੁਲਾ ਭਾਰਗਵ, ਆਰ. ਬਰੈਂਡਨ, ਪ੍ਰੋਫੈਸਰ (ਗਣਿਤ), ਪ੍ਰਿੰਸਟਨ ਯੂਨੀਵਰਸਿਟੀ, ਯੂਐਸਏ

c) ਰਾਮ ਸ਼ੰਕਰ ਕੁਰੀਨ, ਸਾਬਕਾ ਸੰਸਥਾਪਕ ਵੀਸੀ, ਬਾਬਾ ਸਾਹਿਬ ਅੰਬੇਦਕਰ ਸਮਾਜਿਕ ਵਿਗਿਆਨ ਯੂਨੀਵਰਸਿਟੀ, ਮੱਧ ਪ੍ਰਦੇਸ਼

d) ਟੀ. ਵੀ. ਕੱਟੀਮਨੀ, ਵੀਸੀ, ਇੰਦਰਾ ਗਾਂਧੀ ਟਰਾਈਬਲ ਯੂਨੀਵਰਸਿਟੀ, ਅਮਰਕੰਟਕ, ਮੱਧ ਪ੍ਰਦੇਸ਼

e) ਕ੍ਰਿਸ਼ਨ ਮੋਹਨ ਤ੍ਰਿਪਾਠੀ, ਡਾਇਰੈਕਟਰ ਆਫ ਐਜੂਕੇਸ਼ਨ (ਸੈਕੰਡਰੀ) ਅਤੇ ਸਾਬਕਾ ਪ੍ਰਧਾਨ ਉੱਤਰ ਪ੍ਰਦੇਸ਼ ਹਾਈ ਸਕੂਲ ਅਤੇ ਹਾਇਰ ਸੈਕੰਡਰੀ ਪਰਿਸ਼ਦ, ਉੱਤਰ ਪ੍ਰਦੇਸ਼

f) ਮਜ਼ਹਰ ਆਸਿਫ, ਪ੍ਰੋਫੈਸਰ, ਫਾਰਸੀ ਅਤੇ ਮੱਧ ਏਸ਼ੀਆਈ ਅਧਿਐਨ ਕੇਂਦਰ, ਸਕੂਲ ਆਫ਼ ਲੈਂਗਵੇਜ, ਸਾਹਿਤ ਅਤੇ ਸੰਸਕ੍ਰਿਤੀ ਅਧਿਐਨ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ

g) ਐਮ. ਕੇ. ਸ੍ਰੀਧਰ, ਸਾਬਕਾ ਮੈਂਬਰ ਸਕੱਤਰ, ਕਰਨਾਟਕਾ ਨੌਲਜ਼ ਕਮਿਸ਼ਨ, ਬੈਂਗਲੂਰੂ, ਕਰਨਾਟਕਾ

### ਸਕੱਤਰ

h) ਸ਼ਕੀਲਾ ਟੀ. ਸ਼ਮਸੂ, ਆਫ਼ਿਸਰ ਔਨ ਸਪੈਸ਼ਲ ਡਿਊਟੀ (ਰਾਸ਼ਟਰੀ ਸਿੱਖਿਆ ਨੀਤੀ), ਉੱਚ ਸਿੱਖਿਆ ਵਿਭਾਗ, ਮਾਨਵ ਸੰਸਾਧਨ ਵਿਕਾਸ ਮੰਤਰਾਲਾ, ਭਾਰਤ ਸਰਕਾਰ, ਨਵੀਂ ਦਿੱਲੀ

## ਖਰੜਾ ਕਮੇਟੀ ਦੇ ਮੈਂਬਰ

a) ਮੰਜੁਲਾ ਭਾਰਗਵ, ਆਰ. ਬਰੈਂਡਨ, ਪ੍ਰੋਫੈਸਰ (ਗਣਿਤ), ਪ੍ਰਿੰਸਟਨ ਯੂਨੀਵਰਸਿਟੀ, ਯੂਐਸਏ

b) ਕੇ. ਰਾਮਚੰਦਰਨ, ਸਲਾਹਕਾਰ, ਨੈਸ਼ਨਲ ਇੰਸਟੀਟਿਊਟ ਆਫ਼ ਐਜੁਕੇਸ਼ਨਲ ਪਲੈਨਿੰਗ ਐਂਡ ਐਡਮਨਿਸਟਰੇਸ਼ਨ, ਨਵੀਂ ਦਿੱਲੀ

c) ਅਨੁਰਾਗ ਬੇਹਰ, ਸੀਈਓ, ਅਜ਼ੀਮਜੀ ਪ੍ਰੇਮਜੀ ਫਾਉਂਡੇਸ਼ਨ ਅਤੇ ਵਾਈਸ ਚਾਂਸਲਰ, ਅਜ਼ੀਮ ਪ੍ਰੇਮਜੀ ਯੂਨੀਵਰਸਿਟੀ, ਬੈਂਗਲੂਰੂ

d) ਲੀਨਾ ਚੰਦਰਨ ਵਾਡੀਆ, ਅਬਜ਼ਰਵਰ ਰਿਸਰਚ ਫਾਉਂਡੇਸ਼ਨ, ਮੁੰਬਈ

## ਪਰਿਕਲਪਨਾ

ਰਾਸ਼ਟਰੀ ਸਿੱਖਿਆ ਨੀਤੀ 2019 ਭਾਰਤ-ਕੇਂਦਰਿਤ ਸਿੱਖਿਆ ਵਿਵਸਥਾ ਦੀ ਪਰਿਕਲਪਨਾ ਕਰਦੀ ਹੈ ਜੋ ਸਾਰਿਆਂ ਨੂੰ ਉੱਚ-ਗੁਣਵੱਤਾ ਦੀ ਸਿੱਖਿਆ ਪ੍ਰਦਾਨ ਕਰਕੇ ਸਾਡੇ ਦੇਸ਼ ਨੂੰ ਨਿਰੰਤਰ ਇਕ ਨਿਰਪੱਖ ਅਤੇ ਸੰਵੇਦਨਸ਼ੀਲ ਗਿਆਨਵਾਨ ਸਮਾਜ ਵਿੱਚ ਬਦਲਣ ਲਈ ਪ੍ਰਤੱਖ ਰੂਪ ਵਿੱਚ ਯੋਗਦਾਨ ਦਿੰਦੀ ਹੈ।

# ਨੀਤੀ ਆਮ ਜਾਣਕਾਰੀ - ਮੁੱਖ ਬਿੰਦੂ

## 1. ਸਕੂਲ ਸਿੱਖਿਆ

a) ਮੁਢਲੀਬਾਲ ਸਿੱਖਿਆ: ਨੀਤੀ ਮੁਢਲੇ ਸਾਲਾਂ ਦੀ ਮਹੱਤਤਾ ਉੱਤੇ ਜ਼ੋਰ ਦਿੰਦੀ ਹੈ ਅਤੇ ਇਸਦਾ ਉਦੇਸ਼ 2025 ਤੱਕ 3-6 ਸਾਲ ਵਿਚਲੇ ਸਾਰੇ ਬੱਚਿਆ ਲਈ ਗੁਣਵੱਤਾ ਪੂਰਨ ਬਾਲ ਦੇਖਭਾਲ ਅਤੇ ਸਿੱਖਿਆ ਸੁਨਿਸ਼ਚਿਤ ਕਰਨਾ ਹੈ, ਜਿਸ ਵਿੱਚ ਵੱਧ ਨਿਵੇਸ਼ ਅਤੇ ਨਵੀ ਪਹਿਲ-ਕਦਮੀ ਕੀਤੀ ਗਈ ਹੈ।

b) ਬੁਨਿਆਦੀ ਸਾਖਰਤਾ ਅਤੇ ਅੰਕੜਾ-ਗਿਆਨ: ਕਲਾਸ 1-5 ਵਿੱਚ ਮੁਢਲੀ ਭਾਸ਼ਾ ਅਤੇ ਗਣਿਤ ਉੱਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਨੀਤੀ ਦਾ ਉਦੇਸ਼ ਇਹ ਸੁਨਿਸ਼ਚਿਤ ਕਰਨਾ ਹੈ ਕਿ ਕਲਾਸ 5 ਅਤੇ ਉਸਦੇ ਬਾਅਦ ਦੇ ਹਰੇਕ ਵਿਦਿਆਰਥੀ ਨੂੰ 2025 ਤੱਕ ਬੁਨਿਆਦੀ ਸਾਖਰਤਾ ਅਤੇ ਅੰਕੜਾ-ਗਿਆਨ ਪ੍ਰਾਪਤ ਕਰਨਾ ਚਾਹੀਦਾ ਹੈ।

c) ਪਾਠਕ੍ਰਮ ਅਤੇ ਅਧਿਆਪਕੀ: ਮਾਨਸਿਕ ਵਿਕਾਸ ਅਤੇ ਸਿੱਖਣ ਦੇ ਸਿਧਾਂਤਾਂ ਦੇ ਆਧਾਰ ਉੱਤੇ ਸਕੂਲੀ ਸਿੱਖਿਆ ਲਈ ਇਕ ਨਵੀਂ ਵਿਕਾਸ-ਉਪਯੁਕਤ ਪਾਠਕ੍ਰਮ ਅਤੇ ਸਿੱਖਿਆ ਸੰਬੰਧੀ ਸੰਰਚਨਾ 5 + 3 + 3 + 4 ਡਿਜ਼ਾਇਨ ਦੇ ਆਧਾਰ ‘ਤੇ ਵਿਕਸਿਤ ਕੀਤੀ ਗਈ ਹੈ। ਸਕੂਲ ਵਿੱਚ ਵਿਵਸਾਇਕ ਅਤੇ ਅਕਾਦਮਿਕ ਧਾਰਾਵਾਂ ਦੇ ਏਕੀਕਰਨ ਦੇ ਨਾਲ ਸਾਰੇ ਵਿਸ਼ਿਆਂ – ਵਿਗਿਆਨ, ਸਮਾਜ ਵਿਗਿਆਨ, ਕਲਾ, ਭਾਸ਼ਾ, ਖੇਡ, ਗਣਿਤ ਉੱਤੇ ਇਕਸਮਾਨ ਜ਼ੋਰ ਦਿੱਤਾ ਜਾਵੇਗਾ।

d) ਸਰਬਵਿਆਪਕ ਪਹੁੰਚ: ਨੀਤੀ ਦਾ ਉਦੇਸ਼ ਵਿਭਿੰਨ ਪੈਮਾਨਿਆਂ ਦੇ ਆਧਾਰ ਉੱਤੇ 2030 ਤੱਕ ਸੰਪੂਰਨ ਸਕੂਲੀ ਸਿੱਖਿਆ ਲਈ 100% ਸੰਪੂਰਨ ਦਾਖ਼ਲਾ ਅਨੁਪਾਤ ਪ੍ਰਾਪਤ ਕਰਨਾ ਹੈ।

e) ਸਮਾਨ ਅਤੇ ਸੰਮਿਲਿਤ ਸਿੱਖਿਆ:ਨੀਤੀ ਵਿੱਚ ਇਹ ਸੁਨਿਸ਼ਚਿਤ ਕਰਨ ਲਈ ਕਈ ਠੋਸ ਕਦਮ ਹਨ ਕਿ ਕੋਈ ਵੀ ਬੱਚਾ ਜਨਮ ਜਾਂ ਪਿਛੋਕੜ ਦੀਆਂ ਪਰਿਸਥਿਤੀਆਂ ਦੇ ਕਾਰਨ ਸਿੱਖਣ ਅਤੇ ਅੱਗੇ ਵੱਧਣ ਦਾ ਕੋਈ ਮੌਕਾ ਨਾ ਗਵਾਏ। ਇਸ ਉੱਤੇ ਧਿਆਨ ਕੇਂਦਰਿਤ ਕਰਨ ਲਈ ਵਿਸ਼ੇਸ਼ ਸਿੱਖਿਆ ਖੇਤਰ ਵੀ ਬਣਾਏ ਜਾਣਗੇ।

f) ਅਧਿਆਪਕ: ਅਧਿਆਪਕਾਂ ਨੂੰ ਮਜ਼ਬੂਤ, ਪਾਰਦਰਸ਼ੀ ਪ੍ਰਕਿਰਿਆਵਾਂ ਦੇ ਮਾਧਿਅਮ ਨਾਲ ਭਰਤੀ ਕੀਤਾ ਜਾਵੇਗਾ, ਤਰੱਕੀ ਯੋਗਤਾ ਆਧਾਰਿਤ ਹੋਵੇਗੀ, ਬਹੁ-ਸਰੋਤ ਅਵਧੀ ਪ੍ਰਦਰਸ਼ਨ ਦਾ ਮੁਲਾਂਕਣ ਹੋਵੇਗਾ ਅਤੇ ਵਿੱਦਿਅਕ ਪ੍ਰਬੰਧਕ ਜਾਂ ਅਧਿਆਪਕ ਵਿੱਦਿਆਵੇਤਾ ਬਣਨ ਲਈ ਪ੍ਰਗਤੀ ਪਥ ਉਪਲਬਧ ਹੋਣਗੇ।

g) ਸਕੂਲ ਸ਼ਾਸਨ: ਸਕੂਲਾਂ ਨੂੰ ਸਕੂਲ ਕੰਪਲੈਕਸ ਸਮੂਹਾਂ (10-12 ਪਬਲਿਕ ਸਕੂਲਾਂ ਦੇ ਸੰਘ) ਵਿੱਚ ਵਿਵੱਸਥਿਤ ਕੀਤਾ ਜਾਵੇਗਾ। ਇਹ ਸ਼ਾਸਨ ਅਤੇ ਪ੍ਰਸ਼ਾਸਨ ਦੀ ਮੂਲ ਇਕਾਈ ਹੋਵੇਗੀ ਜੋ ਸਾਰੇ ਸੰਸਾਧਨਾਂ ਦੀ ਉਪਲਬਧਤਾ ਨੂੰ ਸੁਨਿਸ਼ਚਿਤ ਕਰੇਗੀ – ਬੁਨਿਆਦੀ ਢਾਂਚਾ, ਅਕਾਦਮਿਕ (ਜਿਵੇਂ ਲਾਇਬਰੇਰੀਆਂ) ਅਤੇ ਲੋਕ (ਜਿਵੇਂ ਕਲਾ ਅਤੇ ਸੰਗੀਤ ਅਧਿਆਪਕ) – ਅਤੇ ਨਾਲ ਹੀ ਇਕ ਮਜ਼ਬੂਤ ਪੇਸ਼ੇਵਰ ਅਧਿਆਪਕ ਸਮੁਦਾਇ।

h) ਸਕੂਲਾਂ ਦਾ ਵਿਧਾਨ: ਹਿੱਤਾਂ ਦੇ ਟਕਰਾਅ ਨੂੰ ਖ਼ਤਮ ਕਰਨ ਲਈ ਅਲੱਗ-ਅਲੱਗ ਸੰਸਥਾਵਾਂ ਦੁਆਰਾ ਸਕੂਲਾਂ ਦੇ ਵਿਧਾਨ ਅਤੇ ਸੰਚਾਲਨ ਕੀਤਾ ਜਾਵੇਗਾ। ਨੀਤੀ ਨਿਰਮਾਣ, ਵਿਧਾਨ, ਸੰਚਾਲਨ ਅਤੇ ਅਕਾਦਮਿਕ ਮਸਲਿਆਂ ਲਈ ਸਪਸ਼ਟ ਅਲੱਗ-ਅਲੱਗ ਵਿਵਸਥਾਵਾਂ ਹੋਣਗੀਆਂ।

## 2. ਉੱਚ ਸਿੱਖਿਆ

a) ਨਵਾਂ ਮਾਡਲ: ਉੱਚ ਸਿੱਖਿਆ ਲਈ ਇਕ ਨਵੀਂ ਦ੍ਰਿਸ਼ਟੀ ਅਤੇ ਮਾਡਲ ਦੀ ਪਰਿਕਲਪਨਾ ਵੱਡੇ, ਸੁਵਿਵੱਸਥਿਤ, ਸੰਵੇਦਨਸ਼ੀਲ ਬਹੁ-ਵਿਸ਼ਿਆਂ ਵਾਲੇ ਸੰਸਥਾਨਾਂ ਨਾਲ ਕੀਤੀ ਗਈ ਹੈ। ਵਰਤਮਾਨ ੮00 ਯੂਨੀਵਰਸਿਟੀਆਂ ਅਤੇ ੪0,000 ਕਾਲਜਾਂ ਨੂੰ ਲਗਪਗ 15,000 ਸ੍ਰੇਸ਼ਠ ਸੰਸਥਾਨਾਂ ਵਿੱਚ ਸੰਚਿਤ ਕੀਤਾ ਜਾਵੇਗਾ।

b) ਉਦਾਰ ਸਿੱਖਿਆ:ਵਿਗਿਆਨ, ਕਲਾ, ਮਾਨਵਿਕੀ, ਗਣਿਤ ਅਤੇ ਪੇਸ਼ੇਵਰ ਖੇਤਰਾਂ ਲਈ ਏਕੀਕ੍ਰਿਤ, ਕਠਿਨ ਮੌਕਿਆਂ ਲਈ ਅੰਡਰਗ੍ਰੈਜੂਏਟ ਪੱਧਰ ‘ਤੇ ਇਕ ਵਿਆਪਕ ਆਧਾਰ ਉਦਾਰ ਕਲਾ ਸਿੱਖਿਆ ਨੂੰ ਰੱਖਿਆ ਜਾਵੇਗਾ। ਇਸ ਵਿੱਚ ਕਲਪਨਾਸ਼ੀਲ ਅਤੇ ਲਚਕੀਲੀ ਪਾਠਕ੍ਰਮ ਸੰਰਚਨਾ, ਅਧਿਐਨ ਦੇ ਰਚਨਾਤਮਕ ਸੁਮੇਲ, ਵਿਵਸਾਇਕ ਸਿੱਖਿਆ ਦਾ ਏਕੀਕਰਨ ਅਤੇ ਕਈ ਪ੍ਰਵੇਸ਼/ਨਿਕਾਸ ਬਿੰਦੂ ਹੋਣਗੇ।

c) ਸੰਚਾਲਨ:ਸੰਸਥਾਗਤ ਸੰਚਾਲਨ ਅਕਾਦਮਿਕ, ਪ੍ਰਸ਼ਾਸਨਿਕ ਅਤੇ ਵਿੱਤੀਗਤ ਸਵਾਧੀਨਤਾ ਉੱਤੇ ਆਧਾਰਿਤ ਹੋਵੇਗਾ। ਹਰੇਕ ਉੱਚ ਸਿੱਖਿਆ ਸੰਸਥਾਨ ਇਕ ਸੁਤੰਤਰ ਬੋਰਡ ਦੁਆਰਾ ਸੰਚਾਲਿਤ ਹੋਵੇਗਾ।

d) ਵਿਧਾਨ:ਵਿੱਤੀ ਇਮਾਨਦਾਰੀ ਅਤੇ ਜਨ ਉਤਸ਼ਾਹ ਨੂੰ ਸੁਨਿਸ਼ਚਿਤ ਕਰਨ ਲਈ ਵਿਧਾਨ ‘ਸੌਖਾ ਪਰ ਠੋਸ’ ਹੋਵੇਗਾ। ਹਿੱਤਾਂ ਦੇ ਟਕਰਾਅ ਨੂੰ ਖ਼ਤਮ ਕਰਨ ਲਈ ਮਾਨਕ ਵਿਵਸਥਾ, ਫੰਡਿੰਗ, ਮਾਨਤਾ ਅਤੇ ਵਿਧਾਨ ਦਾ ਸੰਚਾਲਨ ਸੁਤੰਤਰ ਸੰਸਥਾਵਾਂ ਦੁਆਰਾ ਕੀਤਾ ਜਾਵੇਗਾ।

## 3. ਅਧਿਆਪਕ ਸਿੱਖਿਆ

ਅਧਿਆਪਕ ਸਿੱਖਿਆ ਪ੍ਰੋਗਰਾਮ ਕਠੋਰ ਹੋਣਗੇ ਅਤੇ ਸੰਵੇਦਨਸ਼ੀਲ, ਬਹੁ-ਵਿਸ਼ਿਆਂ ਵਾਲੇ ਉੱਚ ਸੰਸਥਾਨਾਂ ਵਿੱਚ ਹੋਣਗੇ। ਬਹੁ-ਵਿਸ਼ਿਆਂ ਵਾਲੇ ਸੰਸਥਾਨਾਂ ਵਿੱਚ ਪ੍ਰਦਾਨ ਕੀਤੀ ਜਾਣ ਵਾਲੀ ੪ ਸਾਲੀ ਏਕੀਕ੍ਰਿਤ ਪੜਾਅ-ਆਧਾਰਿਤ ਅਤੇ ਵਿਸ਼ਾ-ਆਧਾਰਿਤ ਸਿੱਖਿਆ ਬੈਚਲਰ ਆਫ ਐਜੂਕੇਸ਼ਨ (ਬੀਐਡ) ਇਕ ਅਧਿਆਪਕ ਬਣਨ ਦਾ ਤਰੀਕਾ ਹੋਵੇਗਾ। ਨਿਮਨ ਪੱਧਰ ਅਤੇ ਬੇਕਾਰ ਅਧਿਆਪਕ ਸਿੱਖਿਆ ਸੰਸਥਾਨ ਬੰਦ ਕੀਤੇ ਜਾਣਗੇ।

## 4. ਪੇਸ਼ੇਵਰ ਸਿੱਖਿਆ

ਸਾਰੀ ਪੇਸ਼ੇਵਰ ਸਿੱਖਿਆ ਉੱਚ ਸਿੱਖਿਆ ਵਿਵਸਥਾ ਦਾ ਇਕ ਮਹੱਤਵਪੂਰਨ ਅੰਗ ਹੋਵੇਗੀ। ਸਟੈਂਡ-ਅਲੋਨ ਤਕਨੀਕੀ ਯੂਨੀਵਰਸਿਟੀਆਂ, ਸਿਹਤ ਵਿਗਿਆਨ ਯੂਨੀਵਰਸਿਟੀਆਂ, ਕਾਨੂੰਨ ਅਤੇ ਖੇਤੀਬਾੜੀ ਯੂਨੀਵਰਸਿਟੀਆਂ, ਜਾਂ ਇਹਨਾਂ ਖੇਤਰਾਂ ਜਾਂ ਹੋਰ ਖੇਤਰਾਂ ਵਿੱਚ ਸੰਸਥਾਵਾਂ ਨੂੰ ਬੰਦ ਕਰ ਦਿੱਤਾ ਜਾਵੇਗਾ।

## 5. ਵਿਵਸਾਇਕ ਸਿੱਖਿਆ

ਇਹ ਸੰਪੂਰਨ ਸਿੱਖਿਆ ਦਾ ਇਕ ਅਭਿੰਨ ਅੰਗ ਹੋਵੇਗੀ – ਇਸ ਨੀਤੀ ਦਾ ਉਦੇਸ਼ 2025 ਤੱਕ ਸਾਰੇ ਵਿਦਿਆਰਥੀਆਂ ਦੇ ਘੱਟ ਤੋਂ ਘੱਟ 50% ਲਈ ਵਿਵਸਾਇਕ ਸਿੱਖਿਆ ਤੱਕ ਪਹੁੰਚ ਪ੍ਰਦਾਨ ਕਰਨਾ ਹੈ।

## 6. ਰਾਸ਼ਟਰੀ ਰਿਸਰਚ ਫਾਉਂਡੇਸ਼ਨ

ਸਾਰੇ ਦੇਸ਼ ਵਿੱਚ ਰਿਸਰਚ ਅਤੇ ਨਵੀਂ ਰੀਤ ਨੂੰ ਉਤਪ੍ਰੇਰਿਤ ਅਤੇ ਵਿਸਤਾਰਿਤ ਕਰਨ ਲਈ ਇਕ ਨਵੀਂ ਇਕਾਈ ਸਥਾਪਿਤ ਕੀਤੀ ਜਾਵੇਗੀ।

### 7. ਸਿੱਖਿਆ ਵਿੱਚ ਟੈਕਨਾਲੋਜੀ

ਇਸ ਨੀਤੀ ਦਾ ਉਦੇਸ਼ ਕਲਾਸ ਪ੍ਰਕਿਰਿਆ ਨੂੰ ਬਿਹਤਰ ਬਣਾਉਣ, ਅਧਿਆਪਕ ਪੇਸ਼ੇਵਰ ਵਿਕਾਸ ਦਾ ਸਮੱਰਥਨ ਕਰਨ, ਵੰਚਿਤ ਸਮੂਹਾਂ ਲਈ ਵਿੱਦਿਅਕ ਪਹੁੰਚ ਵਧਾਉਣ ਅਤੇ ਵਿੱਦਿਅਕ ਯੋਜਨਾ, ਪ੍ਰਸ਼ਾਸਨ ਅਤੇ ਪ੍ਰਬੰਧਨ ਨੂੰ ਕਾਰਗਰ ਬਣਾਉਣ ਲਈ ਸਿੱਖਿਆ ਦੇ ਸਾਰੇ ਪੱਧਰਾਂ ਵਿੱਚ ਟੈਕਨਾਲੋਜੀ ਨੂੰ ਏਕੀਕ੍ਰਿਤ ਕਰਨਾ ਹੈ।

### 8. ਬਾਲਗ ਸਿੱਖਿਆ

ਇਸ ਨੀਤੀ ਦਾ ਉਦੇਸ਼ 2030 ਤੱਕ 100% ਨੌਜਵਾਨ ਲੋਕਾਂ ਅਤੇ ਬਾਲਗਾਂ ਨੂੰ ਸਾਖਰਿਤ ਕਰਨਾ ਹੈ।

### 9. ਭਾਰਤੀ ਭਾਸ਼ਾਵਾਂ ਦਾ ਪ੍ਰਚਾਰ

ਇਹ ਨੀਤੀ ਸਾਰੀਆਂ ਭਾਰਤੀ ਭਾਸ਼ਾਵਾਂ ਲਈ ਸੁਰੱਖਿਆ, ਵਿਕਾਸ ਅਤੇ ਸੰਵੇਦਨਸ਼ੀਲਤਾ ਨੂੰ ਯਕੀਨੀ ਬਣਾਏਗੀ।

### 10. ਸਿੱਖਿਆ ਲਈ ਆਰਥਿਕ ਸਾਧਨ

ਪਬਲਿਕ ਸਿੱਖਿਆ ਦੇ ਵਿਸਤਾਰ ਅਤੇ ਇਸਨੂੰ ਮਹੱਤਵਪੂਰਨ ਬਣਾਉਣ ਲਈ ਠੋਸਪਬਲਿਕ ਨਿਵੇਸ਼ ਹੋਵੇਗਾ।

### 11. ਰਾਸ਼ਟਰੀ ਸਿੱਖਿਆ ਆਯੋਗ

ਰਾਸ਼ਟਰੀ ਸਿੱਖਿਆ ਆਯੋਗ ਜਾਂ ਨੈਸ਼ਨਲ ਐਜੂਕੇਸ਼ਨ ਕਮਿਸ਼ਨ ਦਾ ਗਠਨ, ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਵਿੱਚ ਕੀਤਾ ਜਾਵੇਗਾ।

# ਨੀਤੀ ਵੇਰਵੇ - ਮੁੱਖ ਬਿੰਦੂ

# ਸਕੂਲ ਸਿੱਖਿਆ

## 1. ਮੁਢਲੀ ਬਾਲ ਦੇਖਭਾਲ ਅਤੇ ਸਿੱਖਿਆ ਨੂੰ ਮਜ਼ਬੂਤ ਕਰਨਾ

**ਉਦੇਸ਼:**2025 ਤੱਕ 3-6 ਸਾਲ ਵਿਚਲੇ ਹਰੇਕ ਬੱਚੇ ਨੂੰ ਮੁਫ਼ਤ, ਸੁਰੱਖਿਅਤ, ਉੱਚ ਗੁਣਵੱਤਾਪੂਰਨ, ਵਿਕਾਸਾਤਮਿਕ ਪੱਧਰ ਦੇ ਅਨੁਕੂਲ ਦੇਖਭਾਲ ਅਤੇ ਸਿੱਖਿਆ ਤੱਕ ਪਹੁੰਚ ਹੋਵੇ।

ਨੀਤੀ ਮੁਢਲੀ ਬਾਲ ਸਿੱਖਿਆ ਦੀ ਮਹੱਤਤਾ ਅਤੇ ਵਿਅਕਤੀਗਤ ਜੀਵਨ ਵਿੱਚ ਇਸਦੇ ਲਾਭਾਂ ਦੀ ਅਟਲਤਾ ਉੱਤੇ ਜ਼ੋਰ ਦਿੰਦੀ ਹੈ।

a) ਬਾਲ ਸਿੱਖਿਆ ਲਈ **ਮਹੱਤਵਪੂਰਨ ਵਿਸਤਾਰ ਅਤੇ ਸੁਵਿਧਾਵਾਂ ਦਾ ਦ੍ਰਿੜੀਕਰਨ** ਸਥਾਨਕ ਜ਼ਰੂਰਤਾਂ, ਭੂਗੋਲ ਅਤੇ ਮੌਜੂਦਾ ਬੁਨਿਆਦੀ ਢਾਂਚੇ ਉੱਤੇ ਇਕ ਬਹੁ-ਦਿਸ਼ਾਵੀ ਦ੍ਰਿਸ਼ਟੀਕੋਣ ਦੇ ਮਾਧਿਅਮ ਨਾਲ ਹੋਵੇਗਾ।

b) ਵਿਸ਼ੇਸ਼ ਤੌਰ ‘ਤੇ ਸਮਾਜਿਕ ਆਰਥਿਕ ਰੂਪ ਨਾਲ ਵੰਚਿਤ ਜਿਲ੍ਹਿਆਂ/ਸਥਾਨਾਂ ਉੱਤੇ ਵਿਸ਼ੇਸ਼ ਧਿਆਨ ਅਤੇ ਪ੍ਰਾਥਮਿਕਤਾ ਦਿੱਤੀ ਜਾਵੇਗੀ। ਗੁਣਵੱਤਾ ਅਤੇ ਪਰਿਣਾਮਾਂ ਦੀ ਉਪਯੁਕਤ ਨਿਗਰਾਨੀ ਲਈ ਪ੍ਰਕਿਰਿਆਵਾਂ ਕੀਤੀਆਂ ਜਾਣਗੀਆਂ।

c) ਬਾਲ ਸਿੱਖਿਆ ਉੱਤੇ ਅਧਿਆਪਕਾਂ ਅਤੇ ਮਾਤਾ-ਪਿਤਾ ਦੋਨਾਂ ਲਈ ਪਾਠਕ੍ਰਮ ਅਤੇ ਸਿੱਖਿਆ-ਵਿਗਿਆਨ ਸੰਬੰਧੀ ਰੂਪਰੇਖਾ ਵਿਕਸਿਤ ਕੀਤੀ ਜਾਵੇਗੀ। ਰੂਪਰੇਖਾ ਵਿੱਚ 0-3 ਤੱਕ ਸਾਲ ਦੇ ਬੱਚਿਆਂ ਦੀ ਉਪਯੁਕਤ ਬੁੱਧੀ ਉਤੇਜਨਾ ਅਤੇ 3-8 ਸਾਲ ਦੇ ਬੱਚਿਆਂ ਲਈ ਵਿੱਦਿਅਕ ਦਿਸ਼ਾ-ਨਿਰਦੇਸ਼ ਸ਼ਾਮਿਲ ਹੋਣਗੇ।

d) ਸਿੱਖਣ ਅਨੁਕੂਲ ਵਾਤਾਵਰਣ ਦਾ ਡਿਜ਼ਾਇਨ ਅਤੇ ਪੜਾਅ ਵਿਸ਼ੇਸ਼ ਟਰੇਨਿੰਗ ਅਤੇ ਨਿਰੰਤਰ ਪੇਸ਼ੇਵਰ ਵਿਕਾਸ ਅਤੇ ਕੈਰੀਅਰ ਸਲਾਹਕਾਰ ਦੇ ਮੌਕਿਆਂ ਦੇ ਮਾਧਿਅਮ ਨਾਲ ਮੁਢਲੀ ਬਾਲ ਸਿੱਖਿਆ ਲਈ ਉੱਚ ਗੁਣਵੱਤਾ ਵਾਲੇ ਅਧਿਆਪਕਾਂ ਦੇ ਵਿਵਸਾਇਕਰਨ ਦਾ ਕਾਰਜ ਵੀ ਸ਼ੁਰੂ ਕੀਤਾ ਜਾਵੇਗਾ।

e) ਮੁਢਲੀ ਬਾਲ ਵਿਵਸਥਾ ਦੇ ਸਾਰੇ ਪਹਿਲੂ **ਸਿੱਖਿਆ ਮੰਤਰਾਲੇ** ਦੇ ਦਾਇਰੇ ਵਿੱਚ ਆਉਣਗੇ (ਜਿਵੇਂ ਕਿ ਵਰਤਮਾਨ ਮਾਨਵ ਸੰਸਾਧਨ ਵਿਕਾਸ ਮੰਤਰਾਲਾ ਦਾ ਨਾਮ ਬਦਲਿਆ ਜਾਵੇਗਾ), ਮੁਢਲੀ ਬਾਲ ਸਿੱਖਿਆ ਨੂੰ ਸਕੂਲ ਸਿੱਖਿਆ ਦੇ ਨਾਲ ਪ੍ਰਭਾਵੀ ਰੂਪ ਨਾਲ ਜੋੜਨਾ – ਸੰਯੁਕਤ ਰੂਪ ਵਿੱਚ ਇਕ ਬਦਲੀ ਯੋਜਨਾ ਨੂੰ ਸਿੱਖਿਆ, ਮਹਿਲਾ ਅਤੇ ਬਾਲ ਵਿਕਾਸ, ਅਤੇ ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲਾ ਦੁਆਰਾ 2019 ਤੱਕ ਅੰਤਿਮ ਰੂਪ ਦਿੱਤਾ ਜਾਵੇਗਾ।

f) ਆਗਿਆ ਪਾਲਣ ਸੁਨਿਸ਼ਚਿਤ ਕਰਨ ਲਈ ਸੰਪੂਰਨ ਪ੍ਰੀ-ਸਕੂਲ ਸਿੱਖਿਆ (ਨਿੱਜੀ, ਸਰਵਜਨਕ ਅਤੇ ਪਰਉਪਕਾਰੀ) ਨੂੰ ਕਵਰ ਕਰਨ ਲਈ ਇਕ ਪ੍ਰਭਾਵੀ **ਗੁਣਵੱਤਾ ਵਿਧਾਨ ਜਾਂ ਮਾਨਤਾ ਵਿਵਸਥਾ** ਸਥਾਪਿਤ ਕੀਤੀ ਜਾਵੇਗੀ।

g) ਮਾਤਾ-ਪਿਤਾ ਵੱਡੇ ਪੱਧਰ ‘ਤੇ ਹਿਦਾਇਤ ਅਤੇ ਜਾਣਕਾਰੀ ਦੇ ਵਿਆਪਕ ਪ੍ਰਸਾਰ ਦੇ ਮਾਧਿਅਮ ਨਾਲ **ਹਿੱਤਧਾਰਕਾਂ ਤੋਂ ਮੰਗ** ਕਰਨਗੇ ਤਾਂ ਮਾਤਾ-ਪਿਤਾ ਆਪਣੇ ਬੱਚਿਆ ਦੀਆਂ ਸਿੱਖਣ ਦੀਆਂ ਜ਼ਰੂਰਤਾਂ ਦਾ ਸਕਿਰਿਆ ਰੂਪ ਨਾਲ ਸਮਰਥਨ ਕਰ ਸੱਕਣ।

h) **ਸਿੱਖਿਆ ਦਾ ਅਧਿਕਾਰ ਅਧਿਨਿਯਮ 2009** ਨੂੰ ਮੁਫ਼ਤ ਅਤੇ ਲਾਜ਼ਮੀ ਗੁਣਵੱਤਾਪੂਰਨ ਸਿੱਖਿਆ ਦੀ ਉਪਲਬਧਤਾ ਨੂੰ ਸੁਨਿਸ਼ਚਿਤ ਕਰਨ ਲਈ 3 ਤੋਂ 6 ਸਾਲ ਦੇ ਸਾਰੇ ਬੱਚਿਆ ਤੱਕ ਪਹੁੰਚਾਇਆ ਜਾਵੇਗਾ।

## 2. ਸਾਰੇ ਬੱਚਿਆਂ ਲਈ ਬੁਨਿਆਦੀ ਸਾਖਰਤਾ ਅਤੇ ਅੰਕੜਾ-ਗਿਆਨ ਸੁਨਿਸ਼ਚਿਤ ਕਰਨਾ

**ਉਦੇਸ਼:**2025 ਤੱਕ ਕਲਾਸ 5 ਅਤੇ ਉਸਦੇ ਬਾਅਦ ਦੇ ਹਰੇਕ ਵਿਦਿਆਰਥੀ ਨੂੰ ਬੁਨਿਆਦੀ ਸਾਖਰਤਾ ਅਤੇ ਅੰਕੜਾ-ਗਿਆਨ ਪ੍ਰਾਪਤ ਕੀਤਾ ਹੋਣਾ ਚਾਹੀਦਾ ਹੈ।

ਇਹ ਨੀਤੀ ਮੁਢਲੀ ਭਾਸ਼ਾ ਅਤੇ ਗਣਿਤ ਸੰਬੰਧੀ ਸਿੱਖਣ ਦੇ ਗੰਭੀਰ ਸੰਕਟ ਨੂੰ ਮੰਨਦੀ ਹੈ ਅਤੇ ਇਸਨੂੰ ਸਰਵ-ਉੱਚ ਪ੍ਰਾਥਮਿਕਤਾ ਦਿੰਦੀ ਹੈ।

a) ਪੋਸ਼ਣ ਅਤੇ ਸਿੱਖਣ ਦਾ ਅਟੁੱਟ ਸੰਬੰਧ ਹੈ। **ਮਿਡ-ਡੇ-ਮੀਲ** ਪ੍ਰੋਗਰਾਮ ਦਾ ਵਿਸਤਾਰ ਕੀਤਾ ਜਾਵੇਗਾ – ਪ੍ਰੀ-ਪ੍ਰਾਇਮਰੀ ਅਤੇ ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਪੋਸ਼ਟਿਕਸਵੇਰ ਦਾ ਖਾਣਾ ਅਤੇ ਮਿਡ-ਡੇ-ਮੀਲ ਦੋਵੇ ਦਿੱਤੇ ਜਾਣਗੇ। ਇਸ ਪ੍ਰੋਗਰਾਮ ਲਈ ਦਿੱਤੇ ਗਏ ਭੋਜਨ ਦੀ ਗੁਣਵੱਤਾ ਸੁਨਿਸ਼ਚਿਤ ਕਰਨ ਲਈ ਭੋਜਨ ਦੀ ਲਾਗਤ ਅਤੇ ਮੁਦਰਾ ਫੈਲਾਅ ਨਾਲ ਜੋੜਿਆ ਜਾਵੇਗਾ।

b) **ਕਲਾਸ 1-5 ਵਿੱਚ ਬੁਨਿਆਦੀ ਸਾਖਰਤਾ ਅਤੇ ਅੰਕੜਾ-ਗਿਆਨ ਉੱਤੇ ਜ਼ਿਆਦਾ ਧਿਆਨ** ਦੇ ਨਾਲ-ਨਾਲ ਅਨੁਕੂਲ ਮੁਲਾਂਕਣ ਅਤੇ ਗੁਣਵੱਤਾਪੂਰਨ ਸਮੱਗਰੀ ਦੀ ਉਪਲਬਧਤਾ ਦੀ ਇਕ ਮਜ਼ਬੂਤ ਵਿਵਸਥਾ ਉੱਤੇ ਧਿਆਨ ਦਿੱਤਾ ਜਾਵੇਗਾ। ਰਾਸ਼ਟਰੀ ਅਧਿਆਪਕ ਪੋਰਟਲ ਉੱਤੇ ਭਾਸ਼ਾ ਅਤੇ ਗਣਿਤ ਸੰਸਾਧਨਾਂ ਦਾ ਇਕ ਰਾਸ਼ਟਰੀ ਭੰਡਾਰ ਉਪਲਬਧ ਹੋਵੇਗਾ।

c) ਅਧਿਆਪਕਾਂ ਲਈ ਸਹਾਇਕ ਦੇ ਰੂਪ ਵਿੱਚ ਸੇਵਾ ਕਰਨ ਲਈ ਤਰਨੀਕੀ ਦਖ਼ਲ ਦਾ ਸੰਚਾਲਨ ਕੀਤਾ ਜਾਵੇਗਾ ਅਤੇ ਪਬਲਿਕ ਅਤੇ ਸਕੂਲ ਲਾਇਬਰੇਰੀਆਂ ਵਿੱਚ ਪੜ੍ਹਨ ਅਤੇ ਸੰਚਾਰ ਦੀ ਸੰਸਕ੍ਰਿਤੀ ਦਾ ਨਿਰਮਾਣ ਕਰਨ ਲਈ ਵਿਸਤਾਰ ਕੀਤਾ ਜਾਵੇਗਾ।

d) ਕਲਾਸ 1 ਦੇ ਸਾਰੇ ਵਿਦਿਆਰਥੀ ਤਿੰਨ ਮਹੀਨੇ ਦੀ ਅਵਧੀਦੇ **ਸਕੂਲ ਤਿਆਰੀ ਮਾੱਡਯੂਲ** ਵਿਚੋਂ ਲੰਘਣਗੇ।

e) ਬੁਨਿਆਦੀ ਸਾਖਰਤਾ ਅਤੇ ਅੰਕੜਾ-ਗਿਆਨ ਉੱਤੇ ਨਵੇਂ ਸਿਰੇ ਤੋਂ ਜ਼ੋਰ ਦੇਣ ਲਈ **ਅਧਿਆਪਕ ਸਿੱਖਿਆ** ਨੂੰ **ਮੁੜਡਿਜ਼ਾਇਨ** ਕੀਤਾ ਜਾਵੇਗਾ।

f) **ਨੈਸ਼ਨਲ ਟਿਊਟਰ ਪ੍ਰੋਗਰਾਮ** (ਜਿਸ ਵਿੱਚ ਪੀਅਰ ਟਿਊਟਰ ਸ਼ਾਮਿਲ ਹਨ) ਅਤੇ ਇਕ **ਉਪ-ਰਚਨਾਤਮਕ ਆਦੇਸ਼ਾਤਮਕ ਸਹਾਇਕ ਪ੍ਰੋਗਰਾਮ** (ਸਮੁਦਾਇ ਤੋਂ ਅਧਿਆਪਕ ਲੈਂਦੇ ਹੋਏ) ਸ਼ੁਰੂ ਕੀਤਾ ਜਾਵੇਗਾ।

g) ਹਰੇਕ ਸਕੂਲ ਦੇ ਪੱਧਰ 'ਤੇ 30:1 ਤਹਿਤ **ਵਿਦਿਆਰਥੀ-ਅਧਿਆਪਕ ਅਨੁਪਾਤ** ਸੁਨਿਸ਼ਚਿਤ ਕੀਤਾ ਜਾਵੇਗਾ।

h) **ਸਮਾਜ ਸੇਵਕ ਅਤੇ ਸਲਾਹਕਾਰ** ਸਾਰੇ ਬੱਚਿਆਂ ਦੇ ਰਿਟੇਂਸ਼ਨ ਅਤੇ ਮਾਨਸਿਕ ਸਿਹਤ ਨੂੰ ਸੁਨਿਸ਼ਚਿਤ ਕਰਨ ਵਿੱਚ ਮੱਦਦ ਕਰਨਗੇ, **ਮਾਤਾ-ਪਿਤਾ** ਦੀ ਭਾਗੀਦਾਰੀ ਅਤੇ **ਸਥਾਨਕ ਸਮੁਦਾਇ ਅਤੇ ਸਵੈਸੇਵਕਾਂ** ਦੇ ਇਕੱਤਰੀਕਰਨ ਨੂੰ ਦ੍ਰਿੜ ਕਰ ਬੁਨਿਆਦੀ ਸਾਖਰਤਾ ਅਤੇ ਅੰਕੜਾ-ਗਿਆਨ ਨਾਲ ਸੰਬੰਧਿਤ ਨੀਤੀਗਤ ਲੱਛਣਾ ਨੂੰ ਪੂਰਾ ਕਰਨ ਲਈ ਸੁਨਿਸ਼ਚਿਤ ਕੀਤਾ ਜਾਵੇਗਾ।

## 3. ਸਾਰੇ ਪੱਧਰਾਂ ਉੱਤੇ ਸਿੱਖਿਆ ਵਿੱਚ ਵਿਆਪਕ ਪਹੁੰਚ ਅਤੇ ਰਿਟੇਂਸ਼ਨ ਸੁਨਿਸ਼ਚਿਤ ਕਰਨਾ

**ਉਦੇਸ਼:**2030 ਤੱਕ 3-18 ਸਾਲ ਦੀ ਉਮਰ ਸਮੂਹ ਦੇ ਸਾਰੇ ਬੱਚਿਆਂ ਲਈ ਮੁਫ਼ਤ, ਲਾਜ਼ਮੀ ਗੁਣਵੱਤਾਪੂਰਨ ਸਕੂਲ ਸਿੱਖਿਆ ਤੱਕ ਪਹੁੰਚ ਅਤੇ ਭਾਗੀਦਾਰੀ ਪ੍ਰਾਪਤ ਕਰਨਾ।

ਦਾਖ਼ਲੇ ਵਿੱਚ ਪ੍ਰਗਤੀ ਨੂੰ ਧਿਆਨ ਵਿੱਚ ਰੱਖਦੇ ਹੋਏ, ਇਹ ਨੀਤੀ ਸਕੂਲ ਵਿੱਚ ਬੱਚਿਆਂ ਨੂੰ ਬਣਾਈ ਰੱਖਣ ਵਿੱਚ ਸਾਡੀ ਅਸਮਰੱਥਤਾ ਉੱਤੇ ਚਿੰਤਾ ਜ਼ਾਹਰ ਕਰਦੀ ਹੈ।

a) ਵੱਖ-ਵੱਖ ਤਰੀਕਿਆਂ ਦੇ ਮਾਧਿਅਮ ਨਾਲ ਪ੍ਰੀ-ਸਕੂਲਤੋਂ ਸੈਕੰਡਰੀ ਸਕੂਲ ਤੱਕ 100%**ਕੁੱਲ ਦਾਖ਼ਲਾ ਅਨੁਪਾਤ** ਨੂੰ 2030 ਤੱਕ ਪੂਰਾ ਕੀਤਾ ਜਾਣਾ ਹੈ।

b) ਸਾਰੇ ਵਿਦਿਆਰਥੀਆਂ, ਖ਼ਾਸ ਕਰਕੇ ਕੁੜੀਆਂ ਦੀ ਸੁਰੱਖਿਆ ਸੁਨਿਸ਼ਚਿਤ ਕਰਨ ਲਈ, ਮੌਜ਼ੂਦਾ ਸਕੂਲਾਂ ਵਿੱਚ ਇੰਟੇਕ ਵਿਧੀ ਦੇ ਮਾਧਿਅਮ ਨਾਲ, ਘੱਟ ਪ੍ਰਦੱਤ/ਅਪ੍ਰਦੱਤ ਸਥਾਨਾਂ ਉੱਤੇ ਨਵੀਂਆਂ ਸੁਵਿਧਾਵਾਂ ਨੂੰ ਵਿਕਸਿਤ ਕਰਨ ਅਤੇ ਵਾਹਨਾਂ ਅਤੇ ਹੋਸਟਲ ਸੁਵਿਧਾਵਾਂ ਦੇ ਮਾਧਿਅਮ ਨਾਲ ਸਕੂਲ ਤਰਕਸੰਗਤਕਰਨ ਦੁਆਰਾ **ਪਹੁੰਚ ਅੰਤਰਾਲਾਂ** ਨੂੰ ਭਰਿਆ ਜਾਵੇਗਾ।

c) **ਸਾਰੇ ਬੱਚਿਆਂ ਦੀ ਭਾਗੀਦਾਰੀ ਅਤੇ ਪੜ੍ਹਾਈ** ਨੂੰ ਦਾਖ਼ਲ ਬੱਚਿਆਂ ਦੀ ਮੌਜ਼ੂਦਗੀ ਅਤੇ ਪੜ੍ਹਾਈ ਦੇ ਪਰਿਣਾਮਾਂ ਉੱਤੇ ਨਜ਼ਰ ਰੱਖਣ, ਅਧਿਆਪਕਾਂ, ਸਮਾਜ ਸੇਵਕਾਂ ਅਤੇ ਸਲਾਹਕਾਰਾਂ ਦੁਆਰਾ ਡ੍ਰਾਪ-ਆਉਟ ਅਤੇ ਆਉਟ-ਆਫ਼-ਸਕੂਲ ਬੱਚਿਆਂ ਉੱਤੇ ਨਜ਼ਰ ਰੱਖਣਾ, ਅਤੇ ਸਕੂਲ ਬਾਹਰ ਦੇ ਕਿਸ਼ੋਰ ਲੋਕਾਂ ਨੂੰ ਲੰਬੇ-ਸਮੇਂ ਦੇ ਪ੍ਰੋਗਰਾਮ ਦੇ ਮਾਧਿਅਮ ਨਾਲ ਸੁਨਿਸ਼ਚਿਤ ਕੀਤਾ ਜਾਵੇਗਾ। ਉਪਚਾਰਿਕ ਅਤੇ ਅਣਉਪਚਾਰਿਕ ਤਰੀਕਿਆਂ ਨੂੰ ਸ਼ਾਮਿਲ ਕਰਦੇ ਹੋਏ ਸਿੱਖਣ ਲਈ ਬਹੁ-ਮਾਰਗ, ਮੁਕਤ ਅਤੇ ਪੱਤਰ-ਵਿਹਾਰ ਸਕੂਲਿੰਗ ਅਤੇ ਟੈਕਨਾਲੋਜੀ ਮੰਚਾਂ ਨੂੰ ਮਜ਼ਬੂਤ ਕਰਨ ਨਾਲ ਉਪਲਬਧ ਹੋਣਗੇ।

d) ਸਿਹਤ ਮਸਲਿਆਂ ਦੇ ਕਾਰਨ ਵਿਦਿਆਰਥੀਆਂ ਦੀ ਸਕੂਲ ਵਿੱਚ ਮੌਜ਼ੂਦਗੀ ਨਾ ਹੋਣ ਦੇ ਮਾਮਲੇ ਵਿੱਚ ਉਸੇ ਸਮੇਂ ਉਹਨਾਂ ਨੂੰ **ਸਕੂਲ ਵਿੱਚ ਵਾਪਸ ਆਉਣ** ਲਈ **ਸੁਨਿਸ਼ਚਿਤ** ਕਰਨ ਦੇ ਲਈ ਸਕੂਲ ਵਿੱਚ ਸਿਹਤ ਕਰਮਚਾਰੀਆਂ ਨੂੰ ਕੰਮ 'ਤੇ ਰੱਖਣਾ, ਵਿਦਿਆਰਥੀਆਂ ਮਾਤਾ-ਪਿਤਾ ਅਤੇ ਵਿਆਪਕ ਤੌਰ 'ਤੇ ਸਮੁਦਾਇ ਵਿੱਚ ਜਾਗਰੂਕਤਾ ਪੈਦਾ ਕਰਨਾ ਅਤੇ ਉਹਨਾਂ ਨੂੰ ਉਪਯੁਕਤ ਸਿਹਤ ਸੇਵਾਵਾਂ ਨਾਲ ਜੋੜਨਾ।

e) **ਸਿੱਖਿਆ ਦਾ ਅਧਿਕਾਰ ਅਧਿਨਿਯਮ** ਦੀ ਜ਼ਰੂਰਤਾ ਨੂੰ ਸੁਰੱਖਿਆ (ਸਰੀਰਕ ਅਤੇ ਮਨੋਵਿਗਿਆਨਿਕ), ਪਹੁੰਚ ਅਤੇ ਸਮਾਵੇਸ਼, ਸਕੂਲਾਂ ਦੀ ਗੈਰ-ਲਾਭਕਾਰੀ ਪ੍ਰਕਿਰਤੀ ਅਤੇ ਸਿੱਖਣ ਦੇ ਪਰਿਣਾਮਾਂ ਲਈ ਘੱਟੋ-ਘੱਟ ਮਾਨਕਾਂ ਨੂੰ ਸੁਨਿਸ਼ਚਿਤ ਕਰਦੇ ਹੋਏ **ਬਹੁਤ ਘੱਟ ਪਾਬੰਦੀ ਵਾਲਾ** ਬਣਾਇਆ ਜਾਵੇਗਾ। ਇਹ ਸਰਕਾਰੀ ਅਤੇ ਗੈਰ-ਸਰਕਾਰੀ ਸੰਗਠਨਾਂ ਲਈ ਸਕੂਲ ਸ਼ੁਰੂ ਕਰਨਾ ਆਸਾਨ ਬਣਾਉਂਦੇ ਹੋਏ ਸਥਾਨਕ ਵਿਵਧਤਾਵਾਂ ਅਤੇ ਬਦਲਵੇਂ ਮਾਡਲਾਂ ਨੂੰ ਅਨੁਮਤੀ ਦਿੰਦਾ ਹੈ।

**f)** **ਸਿੱਖਿਆ ਦਾ ਅਧਿਕਾਰ ਅਧਿਨਿਯਮ** ਪ੍ਰੀ-ਸਕੂਲ ਤੋਂ ਕਲਾਸ 12 ਤੱਕ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦੀ ਉਪਲਬਧਤਾ ਸੁਨਿਸ਼ਚਿਤ ਕਰਨ ਲਈ **ਵਿਸਤਾਰਿਤ** ਕੀਤਾ ਜਾਵੇਗਾ।

## 4. ਸਕੂਲ ਸਿੱਖਿਆ ਲਈ ਨਵਾਂ ਪਾਠਕ੍ਰਮ ਅਤੇ ਅਧਿਆਪਕੀ ਢਾਂਚਾ

**ਉਦੇਸ਼:**ਰੱਟਾ ਲਾ ਕੇ ਸਿੱਖਣ ਦੇ ਤਰੀਕੇ ਨੂੰ ਘੱਟ ਕਰਨ ਅਤੇ ਇਸਦੇ ਬਜਾਇ ਸਮਗਰ ਵਿਕਾਸ ਅਤੇ 21ਵੀਂ ਸਦੀ ਦੇ ਕੌਸ਼ਲ ਜਿਵੇਂ – ਆਲੋਚਨਾਤਮਕ ਚਿੰਤਨ, ਰਚਨਾਤਮਕਤਾ, ਵਿਗਿਆਨਿਕ ਦ੍ਰਿਸ਼ਟੀਕੋਣ, ਸੰਚਾਰ, ਸਹਿਯੋਗ, ਬਹੁਭਾਸ਼ਿਕਤਾ, ਸਮੱਸਿਆ-ਨਿਵਾਰਨ, ਨੈਤਿਕਤਾ, ਸਮਾਜਿਕ ਜ਼ਿੰਮੇਵਾਰੀ ਅਤੇ ਡਿਜ਼ੀਟਲ ਸਾਖਰਤਾ ਨੂੰ ਪ੍ਰੋਤਸ਼ਾਹਿਤ ਕਰਨ ਲਈ ਪਾਠਕ੍ਰਮ ਅਤੇ ਅਧਿਆਪਨ ਨੂੰ 2022 ਤੱਕ ਪਰਿਵਰਤਿਤ ਕੀਤਾ ਜਾਵੇਗਾ।

ਸਕੂਲ ਸਿੱਖਿਆ ਦਾ ਪਾਠਕ੍ਰਮ ਅਤੇ ਅਧਿਆਪਨ ਸੰਰਚਨਾ ਨੂੰ ਵਿਦਿਆਰਥੀਆਂ ਲਈ ਵਿਭਿੰਨ ਅਵਸਥਾਵਾਂ ਵਿੱਚ ਉਹਨਾਂ ਦੀਆਂ ਵਿਕਾਸਾਤਮਕ ਜ਼ਰੂਰਤਾਂ ਅਤੇ ਹਿੱਤਾਂ ਲਈ ਇਸਨੂੰ ਉੱਤਰਾਦਾਈ ਅਤੇ ਪ੍ਰਸੰਗਿਕ ਬਣਾਉਣ ਵਾਸਤੇ ਪੁਨਰਗਠਿਤ ਕੀਤਾ ਜਾਵੇਗਾ।

a) ਸਕੂਸਸਿੱਖਿਆਦਾਪਾਠਕ੍ਰਮ ਤੇ ਅਧਿਆਪਕੀ ਸੰਰਚਨਾ ਅਤੇ ਪਾਠਕ੍ਰਮ ਦੀ ਰੂਪਰੇਖਾ ਨੂੰ **5+3+3+4 ਡਿਜ਼ਾਇਨ** ਦੁਆਰਾ ਨਿਰਦੇਸ਼ਿਤ ਕੀਤਾ ਜਾਵੇਗਾ:
   - ਬੁਨਿਆਦੀ ਅਵਸਥਾ (ਉਮਰ 3-8 ਸਾਲ): ਤੇਜ਼ ਮਾਨਸਿਕ ਵਿਕਾਸ; ਖੇਡ ਅਤੇ ਸਕਿਰਿਆ ਖੋਜ ਦੇ ਆਧਾਰ ‘ਤੇ ਸਿੱਖਣਾ
   - ਪ੍ਰਾਰੰਭਿਕ ਅਵਸਥਾ (8-11 ਸਾਲ): ਖੇਡ ਅਤੇ ਖੋਜ ‘ਤੇ ਨਿਰਮਾਣ;ਸੰਚਰਿਤ ਸਿੱਖਲਾਈ ਲਈ ਪਰਿਵਰਤਨ ਨਾਲ ਸ਼ੁਰੂ ਕਰਨਾ
   - ਮੱਧ ਅਵਸਥਾ (11-14 ਸਾਲ): ਵਿਸ਼ਿਆਂ ਵਿੱਚ ਸੰਕਲਪਾਤਮਕ ਸਿਖਲਾਈ; ਕਿਸ਼ੋਰ ਅਵਸਥਾ ਨੂੰ ਮਾਰਗ ਦਰਸ਼ਨ ਦੇਣਾ ਸ਼ੁਰੂ ਕਰਨਾ
   - ਸੈਕੰਡਰੀ ਅਵਸਥਾ (14-18 ਸਾਲ): ਆਜੀਵਿਕਾ ਅਤੇ ਉੱਚ ਸਿੱਖਿਆ ਲਈ ਤਿਆਰੀ;ਨੌਜਵਾਨ ਬਾਲਗਤਾ ਵਿੱਚ ਪਰਿਵਰਤਨ

b) ਸੈਕੰਡਰੀ ਅਵਸਥਾ ਵਿੱਚ ਚਾਰ ਸਾਲ ਬਹੁ-ਵਿਸ਼ਿਆਂ ਦਾ ਅਧਿਐਨ ਸ਼ਾਮਿਲ ਹੋਵੇਗਾ। ਨਾਲ ਹੀ ਇਸ ਵਿੱਚ ਵਿਸ਼ੇ ਸੰਬੰਧੀ ਡੂੰਘਾਈ, ਆਲੋਚਨਾਤਮਕ ਚਿੰਤਨ, ਜੀਵਨ ਜ਼ਰੂਰਤਾਂ ਲਈ ਧਿਆਨ ਉੱਤੇ ਬਲ ਦਿੱਤਾ ਜਾਵੇਗਾ, ਜਿਸ ਵਿੱਚ ਵਿਦਿਆਰਥੀ ਦੀ ਪਸੰਦ ਅਨੁਸਾਰ ਲਚਕੀਲਾਪਣ ਰਹੇਗਾ।

c) ਸਮੁੱਚੇ ਸਿਖਿਆਰਥੀਆਂ ਵਿਕਾਸ ਲਈ ਸਕੂਲ ਸਿੱਖਿਆ ਦੀ ਸਮਗਰੀ ਅਤੇ ਪ੍ਰਕਿਰਿਆ ਨੂੰ ਫਿਰ ਤੋਂ ਤਿਆਰ ਕੀਤਾ ਜਾਵੇਗਾ। ਮਹੱਤਵਪੂਰਨ ਸੰਕਲਪਾਂ ਅਤੇ ਜ਼ਰੂਰੀ ਵਿਚਾਰਾਂ ਦੇ ਅਨੁਰੂਪ **ਪਾਠਕ੍ਰਮ ਭਾਰ** ਘੱਟ ਕੀਤਾ ਜਾਵੇਗਾ, ਇਸ ਨਾਲ ਗਹਿਨ ਅਤੇ ਵੱਧ ਤਜ਼ਰਬਾ ਆਧਾਰਿਤ ਸਿੱਖਲਾਈ ਲਈ ਗੁੰਜਾਇਸ਼ ਉਤਪੰਨ ਹੋਵੇਗੀ।

d) ਸਾਰੇ ਵਿਦਿਆਰਥੀਆਂ ਨੂੰ ਭਾਸ਼ਾਵਾਂ ਵਿੱਚ ਪ੍ਰਵੀਨਤਾ, ਵਿਗਿਆਨਿਕ ਦ੍ਰਿਸ਼ਟੀਕੋਣ, ਸੁਹਜਾਮਿਕ ਅਤੇ ਕਲਾਦੀਭਾਵਨਾ, ਨੈਤਿਕਤਰਕ, ਡਿਜ਼ੀਟਲਸਾਖਰਤਾ, ਭਾਰਤ ਦਾ ਗਿਆਨ ਅਤੇ ਸਥਾਨਿਕ ਸਮੂਹਾਂ, ਦੇਸ਼ ਅਤੇ ਸੰਸਾਰ ਦੇ ਸਾਹਮਣੇ ਆਉਣ ਵਾਲੇ ਮਸਲਿਆਂ ਦਾ ਗਿਆਨ ਵਿਕਸਿਤ ਕਰਨ ਲਈ ਪ੍ਰੋਤਸਾਹਿਤ ਕੀਤਾ ਜਾਵੇਗਾ।

e) ਇਕ **ਲਚਕੀਲਾ ਪਾਠਕ੍ਰਮ**– ਪਾਠਕ੍ਰਮ, ਸਹਿ-ਪਾਠਕ੍ਰਮ ਜਾਂ ਵਾਧੂ ਪਾਠਕ੍ਰਮ ਖੇਤਰਾਂ; ਕਲਾ ਅਤੇ ਵਿਗਿਆਨ, ਅਤੇ 'ਵਿਵਸਾਇਕ' ਅਤੇ 'ਅਕਾਦਮਿਕ' ਵਿਸ਼ਿਆਂ ਦੇ ਸਪਸ਼ਟ ਦੋਹਾਂ ਵਿਚੋਂ ਇਕ ਸੈਕੰਡਰੀ ਸਕੂਲ ਪੱਧਰ ਉੱਤੇ ਵਿਸ਼ਾ ਖੇਤਰਾਂ ਨੂੰ ਬਦਲਣ ਦੀ ਸੰਭਾਵਨਾ ਦੇ ਨਾਲ ਵਿਦਿਆਰਥੀ ਦੀ ਪਸੰਦ ਨੂੰ ਸਮਰੱਥ ਕੀਤਾ ਜਾਵੇਗਾ।

f) ਘੱਟ ਤੋਂ ਘੱਟ ਕਲਾਸ 5 ਤੱਕ, ਪਰ ਚੰਗੇਰਾ ਸਮਝਕੇ ਕਲਾਸ 8 ਤੱਕ ਇਕ ਲਚਕੀਲੇ (ਦੁਭਾਸ਼ੀ) ਭਾਸ਼ਾ-ਦ੍ਰਿਸ਼ਟੀਕੋਣ ਨਾਲ ਸਿੱਖਿਆ **ਸਥਾਨਕ ਭਾਸ਼ਾ/ਮਾਤਭਾਸ਼ਾ** ਵਿੱਚ ਹੋਵੇਗੀ।

g) ਉੱਚ ਗੁਣਵੱਤਾ ਵਾਲੀਆਂ ਪਾਠ-ਪੁਸਤਕਾਂ ਨੂੰ ਜ਼ਰੂਰਤ ਅਤੇ ਉਪਯੋਗ ਅਨੁਸਾਰ ਸਥਾਨਕ ਭਾਸ਼ਾਵਾਂ ਵਿੱਚ ਉਪਲਬਧ ਕਰਾਇਆ ਜਾਵੇਗਾ ਅਤੇ ਅੰਗਹੀਣ ਵਿਦਿਆਰਥੀਆਂ ਲਈ ਸਮੱਗਰੀ ਵਿਕਸਿਤ ਕੀਤੀ ਜਾਵੇਗੀ।

h) ਪੂਰੇ ਦੇਸ਼ ਵਿੱਚ ਤਿੰਨ-ਭਾਸ਼ਾ ਫਾਰਮੂਲਾ ਲਾਗੂ ਕੀਤਾ ਜਾਵੇਗਾ; ਭਾਸ਼ਾ ਅਧਿਆਪਕਾਂ ਦੇ ਵਿਕਾਸ ਅਤੇ ਭਰਤੀ ਲਈ ਵਿਸ਼ੇਸ਼ ਉਪਾਅ ਕੀਤੇ ਜਾਣਗੇ।

i) ਵਿਵਸਾਇਕ ਮੁਹਾਰਤ ਅਤੇ ਸ਼ਿਲਪ ਕੌਸ਼ਲ ਉੱਤੇ ਕਲਾਸ 6-8 ਵਿੱਚ ਇਕ ਸਾਲ ਦੇ ਸਰਵੇਖਣ ਪਾਠਕ੍ਰਮ ਲੈਣ ਵਾਲੇ ਸਾਰੇ ਵਿਦਿਆਰਥੀਆਂ ਦੇ ਵਿਵਸਾਇਕ ਮੌਕੇ ਜਲਦੀ ਸ਼ੁਰੂ ਕੀਤੇ ਜਾਣਗੇ। ਕਲਾਸ 9-12 ਵਿੱਚ, ਬੱਚਿਆਂ ਕੋਲ 'ਮਿਕਸ ਐਂਡ ਮੈਚਟ' ਦੇ ਵਿਕਲਪ ਨਾਲ, ਵੱਧ ਪਰੰਪਰਾਰਿਕ ਅਕਾਦਮਿਕ ਕੋਰਸਾਂ ਦੇ ਨਾਲ ਵਿਵਸਾਇਕ ਕੋਰਸਾਂ ਤੱਕ ਪਹੁੰਚ ਹੋਵੇਗੀ।

j) ਰਾਸ਼ਟਰੀ ਪਾਠਕ੍ਰਮ ਦੀ ਰੂਪਰੇਖਾ ਦੀ 2020 ਤੱਕ ਮੁੜ-ਸੁਧਾਈ ਅਤੇ ਸੰਸ਼ੋਧਨ ਕੀਤਾ ਜਾਵੇਗਾ, ਅਤੇ ਸਾਰੀਆਂ ਖੇਤਰੀ ਭਾਸ਼ਾਵਾਂ ਵਿੱਚ ਉਪਲਬਧ ਕਰਵਾਇਆ ਜਾਵੇਗਾ। ਨਵੀਆਂ ਪਾਠ-ਪੁਸਤਕਾਂ ਦਾ ਨਿਰਮਾਣ ਕੀਤਾ ਜਾਵੇਗਾ ਅਤੇ ਉੱਤ ਗੁਣਵੱਤਾ ਵਾਲੇ ਆਨੁਵਾਦ ਕਰਵਾਏ ਜਾਣਗੇ।

k) ਵਿਦਿਆਰਥੀਆਂ ਦੇ ਵਿਕਾਸ ਦੀ ਸਹਾਇਤਾ ਕਰਨ ਲਈ **ਮੁਲਾਂਕਣ**ਵਿੱਚ ਬਦਲਾਅ ਕੀਤਾ ਜਾਵੇਗਾ। ਸਾਰੀਆਂ ਪਰੀਖਿਆਵਾਂ (ਬੋਰਡ ਪਰੀਖਿਆਵਾਂ ਸਹਿਤ) ਉੱਚ ਪੱਧਰੀਆਂ ਸਮਰੱਥਾਵਾਂ ਨਾਲ ਮੂਲ ਸੰਕਲਪਾਂ ਅਤੇ ਨਿਪੁੰਨਤਾਵਾਂ ਦੀ ਜਾਂਚ ਕਰਨਗੀਆਂ। ਸਾਲ 2025 ਤੱਕ, ਮਿਡਲ ਸਕੂਲ ਪੱਧਰ ਤੱਕ ਅਤੇ ਉਸਤੋਂ ਉੱਪਰ ਦਾ ਮੁਲਾਂਕਣ ਅਨੁਕੂਲਿਤ ਕੰਪਿਊਟਰੀਕਰਨ ਜਾਂਚ ਦੇ ਮਾਧਿਅਮ ਨਾਲ ਹੋਵੇਗਾ। ਸਾਲ 2020/2021 ਦੇ ਬਾਅਦ ਤੋਂ, ਸਵਾਧੀਨ ਰਾਸ਼ਟਰੀ ਪਰੀਖਿਆ ਏਜੈਂਸੀ ਵਿਭਿੰਨ ਵਿਸ਼ਿਆਂ ਵਿੱਚ ਅਭਿਰੁਚੀ ਟੈਸਟ (ਐਪਟੀਟਿਊਡ ਟੈਸਟ) ਅਤੇ ਟੈਸਟ ਦਾ ਪ੍ਰਬੰਧਨ ਕਰੇਗੀ, ਜਿਸ ਵਿੱਚ ਇਕ ਸਾਲ ਦੌਰਾਨ ਇਕ ਤੋਂ ਜ਼ਿਆਦਾ ਵਾਰ ਹਿੱਸਾ ਲਿਆ ਜਾ ਸਕਦਾ ਹੈ।

l) ਸਕੂਲ ਤੋਂ ਲੈ ਕੇ ਜਿਲ੍ਹਾ ਪੱਧਰ ਤੱਕ, ਰਿਹਾਇਸ਼ੀ ਸਮਰ ਪ੍ਰੋਗਰਾਮਾਂ, ਅਤੇ ਓਲੰਪਿਐਡ ਅਤੇ ਪ੍ਰਤਿਯੋਗਤਾਵਾਂ ਵਿੱਚ ਵਿਸ਼ਾ-ਕੇਂਦਰਿਤ ਅਤੇ ਪ੍ਰੋਜੈਕਟ ਆਧਾਰਿਤ ਕਲੱਬਾਂ ਦੇ ਮਾਧਿਅਮ ਨਾਲ **ਅਦੁੱਤੀ ਯੋਗਤਾਵਾਂ ਅਤੇ ਰੁਚੀਆਂ** ਦੀ ਪਹਿਚਾਣ ਕੀਤੀ ਜਾਵੇਗੀ।

## 5. ਅਧਿਆਪਕ - ਪਰਿਵਰਤਨ ਦੀ ਲੋਅ

**ਉਦੇਸ਼:** ਸੁਨਿਸ਼ਚਿਤ ਕਰਨਾ ਕਿ ਸਕੂਲ ਸਿੱਖਿਆ ਦੇ ਸਾਰੇ ਪੱਧਰਾਂ 'ਤੇ ਸਾਰੇ ਵਿਦਿਆਰਥੀਆਂ ਦੀ ਪੜ੍ਹਾਈ ਉਤਸ਼ਾਹਿਤ, ਪ੍ਰੇਰਿਤ, ਉੱਚ ਯੋਗਤਾ ਪ੍ਰਾਪਤ, ਪੇਸ਼ੇਵਰ ਸਿਖਲਾਈ ਪ੍ਰਾਪਤ ਅਤੇ ਨਿਪੁੰਨ ਅਧਿਆਪਕਾਂ ਦੁਆਰਾ ਕਰਾਈ ਜਾਵੇ।

ਇਹ ਨੀਤੀ ਅਧਿਆਪਕਾਂ ਨੂੰ 'ਸਾਡੇ ਸਮਾਜ ਦੇ ਸਭਤੋਂ ਮਹੱਤਵਪੂਰਨ ਮੈਂਬਰਾਂ ਅਤੇ ਬਦਲਾਵ ਦੀ ਲੋਅ' ਦੇ ਰੂਪ ਵਿੱਚ ਪਰਿਕਲਪਿਤ ਕਰਦੀ ਹੈ। ਗੁਣਵੱਤਾ ਵਾਲੇ ਅਧਿਆਪਕਾਂ ਨੂੰ ਉਤਸ਼ਾਹਿਤ ਕਰਨ ਲਈ ਕਿਸੇ ਵੀ ਯਤਨ ਦੀ ਸਫ਼ਲਤਾ ਅਧਿਆਪਕ ਦੀ ਗੁਣਵੱਤਾ ਉੱਤੇ ਨਿਰਭਰ ਹੈ।

a) ਚਾਰਸਾਲਾਏਕੀਕ੍ਰਿਤਸਿੱਖਿਆਅੰਡਰਗ੍ਰੈਜੁਏਟਪ੍ਰੋਗਰਾਮ (ਬੀ.ਐਡ. ਪ੍ਰੋਗਰਾਮ) ਕਰਨਲਈਸੁਵਿਧਾਹੀਨਪੇਂਡੂਜਾਂਜਨਜਾਤੀਖੇਤਰਾਂਦੇਪ੍ਰਤਿਭਾਵਾਨ ਵਿਦਿਆਰਥੀਆਂ ਨੂੰ ਸਮਰੱਥ ਕਰਨ ਲਈ **ਯੋਗਤਾ-ਆਧਾਰਿਤ ਸਕੋਲਰਸ਼ਿਪ** ਦੀ ਸਥਾਪਨਾ ਕੀਤੀ ਜਾਵੇਗੀ। ਕੁਝ ਮਾਮਲਿਆਂ ਵਿੱਚ ਉਹਨਾਂ ਦੇ ਸਥਾਨਕ ਖੇਤਰਾਂ ਵਿੱਚ ਰੁਜ਼ਗਾਰ ਦੀ ਸੁਨਿਸ਼ਚਿਤਤਾ ਹੋਵੇਗੀ। ਮਹਿਲਾ ਵਿਦਿਆਰਥੀਆਂ ਉੱਤੇ ਵਿਸ਼ੇਸ਼ ਰੂਪ ਨਾਲ ਧਿਆਨ ਦਿੱਤਾ ਜਾਵੇਗਾ।

b) **ਅਧਿਆਪਕਾਂ ਦੀ ਭਰਤੀ** ਸਾਰੇ ਸਕੂਲਾਂ ਵਿੱਚ ਵਿਆਪਕ ਅਧਿਆਪਕ ਜ਼ਰੂਰਤ ਯੋਜਨਾ ਦੇ ਆਧਾਰ ਉੱਤੇ ਇਕ ਮਜ਼ਬੂਤ ਪ੍ਰਕਿਰਿਆ ਦੇ ਮਾਧਿਅਮ ਨਾਲ ਕੀਤੀ ਜਾਵੇਗੀ, ਜਿਸ ਵਿੱਚ ਵਿਵਿਧਤਾ ਸੁਨਿਸ਼ਚਿਤ ਕਰਦੇ ਹੋਏ ਸਥਾਨਕ ਅਧਿਆਪਕਾਂ ਅਤੇ ਸਥਾਨਕ ਭਾਸ਼ਾ ਦੇ ਮਾਹਿਰ ਅਧਿਆਪਕਾਂ ਨੂੰ ਪਹਿਲ ਦਿੱਤੀ ਜਾਵੇਗੀ। ਪਹਿਲਾ ਪੜਾਅ 'ਤੇ ਪੁਨਰ ਡਿਜ਼ਾਇਨ ਕੀਤੀ ਇਕ ਅਧਿਆਪਕ ਪਾਤਰਤਾ ਪਰੀਖਿਆ ਹੋਵੇਗੀ, ਇਸਤੋਂ ਬਾਅਦ ਇੰਟਰਵਿਊ ਅਤੇ ਪ੍ਰਦਰਸ਼ਨ ਕਰਨਾ ਹੋਵੇਗਾ। ਅਧਿਆਪਕਾਂ ਨੂੰ ਜਿਲ੍ਹਿਆਂ ਵਿੱਚ ਭਰਤੀ ਕੀਤਾ ਜਾਵੇਗਾ, ਜਿਵੇਂ ਕਿ ਹੁਣ ਕਈ ਰਾਜਾਂ ਵਿੱਚ ਕੀਤਾ ਜਾ ਰਿਹਾ ਹੈ, ਅਤੇ ਇਕ ਸਕੂਲ ਵਿੱਚ ਨਿਯੁਕਤ ਕੀਤਾ ਜਾਵੇਗਾ, ਅਤੇ ਆਦਰਸ਼ ਰੂਪ ਨਾਲ ਇਕ ਪਾਰਦਰਸ਼ੀ ਟੈਕਨਾਲੋਜੀ ਆਧਾਰਿਤ ਪ੍ਰਣਾਲੀ ਦੇ ਮਾਧਿਅਮ ਨਾਲ ਇਕ ਨਿਸ਼ਚਿਤ ਕਾਰਜਕਾਲ ਅਤੇ ਨਿਯਮ ਆਧਾਰਿਤ ਬਦਲੀ ਕੀਤੀ ਜਾਵੇਗੀ। ਉਹਨਾਂ ਨੂੰ ਪੇਂਡੂ ਖੇਤਰਾਂ ਵਿੱਚ ਪੜ੍ਹਾਉਣ ਲਈ ਉਤਸ਼ਾਹਿਤ ਕੀਤਾ ਜਾਵੇਗਾ।

c) **ਪੈਰਾ-ਅਧਿਆਪਕਾਂ** (ਅਯੋਗ, ਕੰਟਰੈਕਟ ਅਧਿਆਪਕਾਂ) ਦੀ ਪ੍ਰਥਾ ਨੂੰ 2022 ਤੱਕ ਪੂਰੇ ਦੇਸ਼ ਵਿੱਚ ਬੰਦ ਕਰ ਦਿੱਤਾ ਜਾਵੇਗਾ।

d) ਨਿਰੰਤਰ ਅਧਿਆਪਕ ਪੇਸ਼ੇਵਰ ਵਿਕਾਸ ਇਕ ਲਚਕੀਲੇ ਅਤੇ ਮਾੱਡਯੂਲਰ ਦ੍ਰਿਸ਼ਟੀਕੋਣ ਉੱਤੇ ਆਧਾਰਿਤ ਹੋਵੇਗਾ, ਜਿਸ ਵਿੱਚ ਅਧਿਆਪਕ ਚੁਣ ਸਕਦੇ ਹਨ ਕਿ ਉਹ ਕੀ ਚਾਹੁੰਦੇ ਹਨ ਅਤੇ ਉਹ ਇਸਨੂੰ ਕਿਵੇਂ ਸਿੱਖਣਾ ਚਾਹੁੰਦੇ ਹਨ। ਸ਼ੁਰੂਆਤੀ ਅਧਿਆਪਕ ਨੂੰ ਸ਼ਾਮਿਲ ਕਰਨ ਉੱਤੇ ਧਿਆਨ ਦਿੱਤਾ ਜਾਵੇਗਾ ਅਤੇ ਸਲਾਹ ਦੀਆਂ ਪ੍ਰਕਿਰਿਆਵਾਂ ਨੂੰ ਸਥਾਪਿਤ ਕੀਤਾ ਜਾਵੇਗਾ। ਰਾਜ ਨੂੰ ਪਸੰਦ-ਆਧਾਰਿਤ ਪੇਸ਼ੇਵਰ ਵਿਕਾਸ ਨੂੰ ਸਮਰੱਥ ਕਰਨ ਅਤੇ ਹਰੇਕ ਅਧਿਆਪਕ ਦੇ ਪੇਸ਼ੇਵਰ ਪਰਿਪੇਖ ਪੱਖ ਨੂੰ ਟ੍ਰੈਕ ਕਰਨ ਲਈ ਟੈਕਨਾਲੋਜੀ-ਆਧਾਰਿਤ ਪ੍ਰਣਾਲੀ ਨੂੰ ਅਪਣਾਉਣਾ ਚਾਹੀਦਾ ਹੈ। ਪਾਠਕ੍ਰਮ ਦਾ ਕੋਈ ਕੇਂਦਰਿਤ ਨਿਰਧਾਰਣ, ਕੋਈ ਕੇਸਕੇਡ-ਮਾਡਲ ਟਰੇਨਿੰਗ ਅਤੇ

ਕੋਈ ਕਠੋਰ ਮਾਨਕ ਨਹੀਂ ਹੋਣਗੇ। ਇਹਨਾਂ ਪ੍ਰਗੋਰਾਮਾਂ ਨੂੰ ਦੇਣ ਲਈ ਸਰੋਤ ਵਿਅਕਤੀਆਂ ਨੂੰ ਸਾਵਧਾਨੀ ਨਾਲ ਚੁਣਿਆ ਜਾਵੇਗਾ, ਪ੍ਰਭਾਵੀ ਰੂਪ ਨਾਲ ਸਿਖਲਾਈ ਦਿੱਤੀ ਜਾਵੇਗੀ ਅਤੇ ਉਹਨਾਂ ਦੀ ਭੂਮਿਕਾ ਨੂੰ ਉਚਿਤ ਕਾਰਜਕਾਲ ਦਿੱਤਾ ਜਾਵੇਗਾ।

e) ਅਧਿਆਪਕਾਂ ਦੇ ਕੰਮ ਨੂੰ ਸੁਵਿਧਾਜਨਕ ਬਣਾਉਣ ਲਈ ਜ਼ਰੂਰਤ ਅਨੁਸਾਰ ਵਿਦਿਆਰਥੀ-ਅਧਿਆਪਕ ਅਨੁਪਾਤ ਨਾਲ ਉਚਿਤ ਭੌਤਿਕ ਬੁਨਿਆਦੀ ਢਾਂਚਾ, ਸੁਵਿਧਾਵਾਂ ਅਤੇ ਸਿੱਖਣ ਦੇ ਸੰਸਾਧਨਾ ਨੂੰ ਸੁਨਿਸ਼ਚਿਤ ਕੀਤਾ ਜਾਵੇਗਾ। ਸਾਰੇ ਵਿਦਿਆਰਥੀ ਸਿੱਖਣ – ਇਹ ਸੁਨਿਸ਼ਚਿਤ ਕਰਨ ਲਈ ਅਧਿਆਪਕਾਂ ਦੀ ਮੱਦਦ ਕਰਨ ਵਾਸਤੇ ਸਾਰੇ ਪੱਧਰਾਂ ਉੱਤੇ ਉਪਚਾਰਾਤਮਕ ਪ੍ਰੋਗਰਾਮ ਸਥਾਪਿਤ ਕੀਤੇ ਜਾਣਗੇ।

f) ਸਾਰੇ ਆਧਿਆਪਕਾਂ ਨੂੰ ਸਕੂਲ ਦੇ ਸਮੇਂ (ਜਿਵੇਂ ਕਿ ਮਿੱਡ-ਡੇ-ਮੀਲ ਪਕਾਉਣਾ, ਸਕੂਲ ਦੀ ਜ਼ਰੂਰਤ ਲਈ ਖਰੀਦਦਾਰੀ ਆਦਿ) ਦੇ ਦੌਰਾਨ ਗੈਰ-ਵਿੱਦਿਅਕ ਗਤੀਵਿਧੀਆਂ ਨਾ ਕਰਦੇ ਹੋਏ,**ਬਿਨਾਂ ਕਿਸੇ ਰੁਕਾਵਟ ਦੇ ਪੜ੍ਹਾਉਣ** ਵਿੱਚ ਯੋਗ ਹੋਣਾ ਚਾਹੀਦਾ ਹੈ। ਅਜਿਹਾ ਹੋਣ ਉੱਤੇ ਅਧਿਆਪਕ ਨੂੰ ਬਿਨਾਂ ਕਾਰਨ ਦੇ ਸਕੂਲ ਵਿਚੋਂ ਗੈਰ-ਹਾਜ਼ਰ ਰਹਿਣ ਜਾਂ ਮਨਜ਼ੂਰਸ਼ੁਦਾ ਛੁੱਟੀ ਤੋਂ ਬਿਨਾਂ ਹਾਜ਼ਰ ਨਾ ਹੋਣ ਦੀ ਸਥਿਤੀ ਵਿੱਚ ਜਵਾਬਦੇਹ ਠਹਿਰਾਇਆ ਜਾਵੇਗਾ।

g) ਹਰੇਕ **ਮੁੱਖ ਅਧਿਆਪਕ ਅਤੇ /ਜਾਂ ਸਕੂਲ ਦੇ ਪ੍ਰਿੰਸੀਪਲ ਸਕੂਲ ਦੀਆਂ ਮਜ਼ਬੂਤ ਵਿਕਾਸ ਪ੍ਰਕਿਰਿਆਵਾਂ ਅਤੇ ਸਕੂਲ ਸਮੱਰਥਕ ਸੰਸਕ੍ਰਿਤੀ ਦੇ ਨਿਰਮਾਣ ਲਈ ਜ਼ਿੰਮੇਵਾਰ** ਹੋਣਗੇ। ਸਕੂਲ ਪ੍ਰਬੰਧਨ ਕਮੇਟੀ ਨੂੰ ਸੰਵੇਦਨਸ਼ੀਲ ਬਣਾਇਆ ਜਾਵੇਗਾ ਅਤੇ ਸਕੂਲ ਸਿੱਖਿਆ ਦੇ ਸੰਚਾਲਕ ਦੇ ਅਧਿਕਾਰੀ ਇਸ ਤਰ੍ਹਾਂ ਦੀ ਸੰਸਕ੍ਰਿਤੀ ਦਾ ਸਮਰਥਨ ਕਰਨ ਲਈ ਆਪਣੇ ਕੰਮ-ਕਾਜ ਉੱਤੇ ਪੂਰਨ ਵਿਚਾਰ ਕਰਨਗੇ।

h) ਸਾਰੇ ਵਿਦਿਆਰਥੀਆਂ ਦੇ ਦਾਖ਼ਲੇ ਨੂੰ ਸੁਨਿਸ਼ਚਿਤ ਕਰਨ ਲਈ ਭਾਰਤੀ ਭਾਸ਼ਾਵਾਂ ਦੇ ਅਧਿਆਪਕਾਂ ਅਤੇ ਅਧਿਆਪਕ ਵਿੱਦਿਆਵੇਤਾਵਾਂ ਲਈ **ਉੱਚ ਗੁਣਵੱਤਾ ਵਾਲੀ ਸਮੱਗਰੀ** ਨੂੰ ਪਹਿਲ ਦਿੱਤੀ ਜਾਵੇਗੀ।

i) ਸਾਰੀਆਂ ਮੌਜੂਦਾ ਅਕਾਦਮਿਕ ਸਹਾਇਤਾ ਵਾਲੀਆਂ ਸੰਸਥਾਵਾਂ ਨੂੰ ਤਕੜਾ ਕਰਨ ਲਈ ਸਾਵਧਾਨੀਪੂਰਵਕ ਯੋਜਨਾ ਨਾਲ ਅਕਾਦਮਿਕ ਸਹਾਇਤਾ ਸੰਸਥਾਨਾਂ ਦੇ ਨਵੀਨੀਕਰਨ ਨੂੰ ਪਹਿਲ ਦਿੱਤੀ ਜਾਵੇਗੀ।

j) ਸਾਰੇ ਅਧਿਆਪਕ ਘੱਟੋ-ਘੱਟ ਅਧਿਆਪਨ ਤਜ਼ਰਬੇ ਤੋਂ ਬਾਅਦ **ਵਿੱਦਿਅਕ ਪ੍ਰਬੰਧਨ ਜਾਂ ਅਧਿਆਪਕ ਸਿੱਖਿਆ ਵਿੱਚ ਪ੍ਰਵੇਸ਼** ਕਰ ਸੱਕਣਗੇ। ਲੰਬੀ ਅਵਧੀ, ਵਿੱਦਿਅਕ ਪ੍ਰਬੰਧਨ ਪਦ ਉਹਨਾਂ ਪ੍ਰਮੁੱਖ ਅਧਿਆਪਕਾਂ ਲਈ ਰਾਖਵੇਂ ਕੀਤੇ ਜਾਣਗੇ ਜੋ ਪ੍ਰਸ਼ਾਸਨ ਵਿੱਚ ਰੁਚੀ ਰੱਖਦੇ ਹਨ।

## 6. ਦੇਸ਼ ਵਿੱਚ ਹਰ ਬੱਚੇ ਲਈ ਨਿਰਪੱਖ ਅਤੇ ਸੰਮਿਲਿਤ ਸਿੱਖਿਆ

ਇਸ ਨੀਤੀ ਦਾ ਉਦੇਸ਼ ਇਕ ਅਜਿਹੀ ਸਿੱਖਿਆ ਵਿਵਸਥਾ ਤਿਆਰ ਕਰਨਾ ਹੈ ਜੋ ਭਾਰਤ ਵਿੱਚ ਸਾਰੇ ਬੱਚਿਆਂ ਨੂੰ ਫ਼ਾਇਦੇ ਪਹੁੰਚਾਏ ਤਾਂ ਕਿ ਕੋਈ ਵੀ ਬੱਚਾ ਜਨਮ ਜਾਂ ਪਿਛੋਕੜ ਦੀਆਂ ਪਰਿਸਥਿਤੀਆਂ ਦੇ ਕਾਰਨ ਸਿੱਖਣ ਅਤੇ ਮੁਹਾਰਤ ਪ੍ਰਾਪਤ ਕਰਨ ਦਾ ਕੋਈ ਮੌਕਾ ਨਾ ਗਵਾਏ।

**ਉਦੇਸ਼:**ਇਕ ਸੰਮਿਲਿਤ ਅਤੇ ਨਿਰਪੱਖ ਸਿੱਖਿਆ ਵਿਵਸਥਾ ਸਥਾਪਿਤ ਕਰਨਾ, ਤਾਂ ਕਿ ਸਾਰੇ ਬੱਚਿਆਂ ਨੂੰ ਸਿੱਖਣ ਅਤੇ ਸਫ਼ਲ ਹੋਣ ਦੇ ਸਮਾਨ ਮੌਕੇ ਮਿਲਣ, ਤਾਂ ਕਿ 2030 ਤੱਕ ਸਾਰੇ ਲੋਕਾਂਦੀ ਅਤੇ ਸਮਾਜਿਕ ਵਰਗਾਂ ਦੀ ਸਿੱਖਿਆ ਵਿੱਚ ਭਾਗੀਦਾਰੀ ਅਤੇ ਸਿੱਖਣ ਦੇ ਪਰਿਣਾਮਾਂ ਦੇ ਪੱਧਰ ‘ਤੇ ਸਮਾਨਤਾ ਹੋਵੇ।

a) ਮੁਢਲੀ ਬਾਲ ਸਿੱਖਿਆ, ਬੁਨਿਆਦੀ ਸਾਖਰਤਾ ਅਤੇ ਅੰਕੜਾ-ਗਿਆਨ, ਸਕੂਲ ਤੱਕ ਪਹੁੰਚ, ਦਾਖ਼ਲਾ ਅਤੇ ਹਾਜ਼ਰੀ ਨਾਲ ਸੰਬੰਧਿਤ ਨੀਤੀਗਤ ਕਾਰਜਾਂ ਨੂੰ **ਘੱਟ ਪ੍ਰਤੀਨਿਧਤਵ ਵਾਲੇ ਸਮੂਹਾਂ ਤੋਂ ਆਉਂਦੇ ਵਿਦਿਆਰਥੀਆਂ ਲਈ ਉਦੇਸ਼ਿਤ ਧਿਆਨ ਅਤੇ ਸਹਾਇਤਾ** ਮਿਲੇਗੀ।

b) ਸਾਰੇ ਦੇਸ਼ ਵਿੱਚ ਸੁਵਿਧਾ ਤੋਂ ਵੰਚਿਤ ਖੇਤਰਾਂ ਵਿੱਚ **ਵਿਸ਼ੇਸ਼ ਸਿੱਖਿਆ ਖੇਤਰ** ਸਥਾਪਿਤ ਕੀਤੇ ਜਾਣਗੇ। ਰਾਜਾਂ ਨੂੰ ਇਹਨਾਂ ਖੇਤਰਾਂ ਨੂੰ ਸਪਸ਼ਟ ਸਮਾਜਿਕ ਵਿਕਾਸ ਅਤੇ ਸਮਾਜਿਕ ਆਰਥਿਕ ਸੰਕੇਤਾਂ ਦੇ ਆਧਾਰ ‘ਤੇ ਘੋਸ਼ਿਤ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ ਅਤੇ ਕੇਂਦਰ ਸਰਕਾਰ ਰਾਜ ਦੁਆਰਾ ਖ਼ਰਚ ਕੀਤੇ ਗਏ ਹਰੇਕ ਰੁਪਏ ਲਈ 2:1 ਦੇ ਅਨੁਪਾਤ ਨਾਲ ਵਿੱਤੀ ਸਹਾਇਤਾ ਪ੍ਰਦਾਨ ਕਰੇਗੀ। ਮੁੱਖ ਵਿਚਾਰ ਇਹ ਹੋਵੇਗਾ ਕਿ ਕੇਂਦਰ ਅਤੇ ਰਾਜ ਦੁਆਰਾ ਸੰਯੁਕਤ ਨਿਗਰਾਨੀ ਨਾਲ ਇਹਨਾਂ ਖੇਤਰਾਂ ਵਿੱਚ ਉਹੀ ਕਰਵਾਇਆ ਜਾਵੇ ਜੋ ਇਸ ਨੀਤੀ ਵਿੱਚ ਘੱਟ-ਪ੍ਰਤਿਨਿਧਤਵ ਵਾਲੇ ਸਮੂਹਾਂ ਨੂੰ ਸ਼ਾਮਿਲ ਕਰਨ ਲਈ ਕਿਹਾ ਗਿਆ ਹੈ।

c) **ਕੁਝ ਪ੍ਰਮੁੱਖ ਪਹਿਲ ਕਦਮੀਆਂ ਹਨ**– ਅਧਿਆਪਕਾਂ ਨੂੰ ਨਿਰੰਤਰ ਸੰਵੇਦਨਸ਼ੀਲ ਬਣਾਉਂਦੇ ਹੋਏ, ਉਹਨਾਂ ਦੀ ਸਮਰੱਥਾ ਦਾ ਵਿਕਾਸ ਕਰਨਾ, ਵਿੱਦਿਅਕ ਰੂਪ ਵਿੱਚ ਘੱਟ ਪ੍ਰਤਿਨਿਧਤਵ ਵਾਲੇ ਸਮੂਹਾਂ ਵਿਚੋਂ ਅਧਿਆਪਕਾਂ ਦੀ ਭਰਤੀ ਲਈ ਵਿਕਲਪਿਤ ਮਾਡਲ ਬਣਾਉਣਾ, ਵਿੱਦਿਅਕ ਰੂਪ ਵਿੱਚ ਘੱਟ ਪ੍ਰਤਿਨਿਧਤਵ ਵਾਲੇ ਸਮੂਹਾਂ ਵਿਚੋਂ ਸਿੱਖਿਆਰਥੀਆਂ ਦੇ ਉੱਚ ਅਨੁਪਾਤ ਦੇ ਨਾਲ ਸਕੂਲਾਂ ਵਿੱਚ **ਵਿਦਿਆਰਥੀ-ਅਧਿਆਪਕ ਅਨੁਪਾਤ** ਨੂੰ 25:1 ਤੱਕ ਸੀਮਤ ਕਰਨਾ, ਤੰਤਰ ਦੀ ਸਥਾਪਨਾ ਦੇ ਮਾਧਿਅਮ ਨਾਲ ਸਕੂਲ ਦੇ ਸੰਮਿਲਿਤ ਵਾਤਾਵਰਨ ਦਾ ਨਿਰਮਾਣ ਕਰਨਾ ਜੋ ਪਰੇਸ਼ਾਨੀ, ਧਮਕੀ ਅਤੇ ਲਿੰਗ ਆਧਾਰਿਤ ਹਿੰਸਾ ਨੂੰ ਸੰਬੋਧਿਤ ਕਰਦਾ ਹੋਵੇ ਅਤੇ ਬਹਿਸ਼ਕਾਰ ਸੰਪਰਦਾਵਾਂ ਨੂੰ ਖ਼ਤਮ ਕਰਦਾ ਹੋਵੇ, ਇਸਨੂੰ ਸੰਮਿਲਿਤ ਬਣਾਉਣ ਦੇ ਲਈ ਪਾਠਕ੍ਰਮ ਨੂੰ ਸੰਸ਼ੋਧਿਤ ਕਰਦਾ ਹੋਵੇ।

d) ਕੇਂਦਰੀ ਵਿੱਦਿਅਕ ਅੰਕੜਾ ਵਿਭਾਜਨ ਵਿੱਚ ਕੀਤੇ ਗਏ **ਡੇਟਾ ਵਿਸ਼ਲੇਸ਼ਣ** ਦੇ ਨਾਲ ਹਰੇਕ ਵਿਦਿਆਰਥੀ ਲਈ ਨਵੀਨ ਜਾਣਕਾਰੀ ਨੂੰ ਵਿੱਦਿਅਕ ਡੇਟਾ ਦੇ ਰਾਸ਼ਟਰੀ ਰਿਪੋਜ਼ਟਰੀ (National Repository) ਵਿੱਚ ਰੱਖਿਆ ਜਾਵੇਗਾ।

e) ਇਹ ਨੀਤੀ ਵਿਸ਼ੇਸ਼ ਰੂਪ ਨਾਲ ਘੱਟ ਪ੍ਰਤਿਨਿਧਤਵ ਵਾਲੇ ਸਮੂਹਾਂ ਵਿਚੋਂ ਆਉਣ ਵਾਲੇ ਵਿਦਿਆਰਥੀਆਂ ਲਈ ਸਕੋਲਰਸ਼ਿਪ, ਵਿਕਾਸਸ਼ੀਲ ਸੰਸਾਧਨ ਅਤੇ ਸੁਵਿਧਾਵਾਂ ਪ੍ਰਦਾਨ ਕਰਨ ਲਈ ਬਣਾਏ ਗਏ ਇਕ ਰਾਸ਼ਟਰੀ ਫੰਡ

ਦੇ ਮਾਧਿਅਮ ਰਾਹੀਂ **ਵਿਸ਼ੇਸ਼ ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ** ਪ੍ਰਦਾਨ ਕਰਦੀ ਹੈ ਅਤੇ ਉਦੇਸ਼ਿਤ ਜਿਲ੍ਹਿਆਂ ਅਤੇ ਸੰਸਥਾਨਾਂ ਨੂੰ ਦਾਖ਼ਲੇ ਅਤੇ ਪਹੁੰਚ ਲਈ ਵੀ ਫੰਡਿੰਗ ਅਤੇ ਸਹਾਇਤਾ ਕਰਦੀ ਹੈ। ਸਹਾਇਤਾ ਦੇ ਵਿਕਲਪਿਤ ਸਾਧਨਾਂ ਵਿੱਚ ਨੈਸ਼ਨਲ ਟਿਊਟਰ ਪ੍ਰੋਗਰਾਮ ਅਤੇ ਸਾਧਕ ਸਿੱਖਿਆ ਸਹਾਇਤਾ ਪ੍ਰਾਪਤ ਪ੍ਰੋਗਰਾਮ ਵਿੱਚ ਭਰਤੀ, ਮਿੱਡ-ਡੇ-ਮੀਲ ਤੋਂ ਇਲਾਵਾ ਸਵੇਰ ਦਾ ਖਾਣਾ ਅਤੇ ਵਿਸ਼ੇਸ਼ ਇੰਟਰਨਸ਼ਿਪ ਦੇਣਾ ਸ਼ਾਮਿਲ ਹਨ। **ਸੰਮਿਲਿਤ ਸਿੱਖਿਆ 'ਤੇ ਖੋਜ ਲਈ ਫੰਡਿੰਗ** ਵੀ ਪ੍ਰਦਾਨ ਕਰਦੀ ਹੈ।

f) ਸਕੂਲ ਅਧਿਆਪਕਾਂ ਅਤੇ ਵਿਦਿਆਰਥੀਆਂ ਵਿੱਚ **ਲਿੰਗਕ ਅਸੰਤੁਲਨ** ਨੂੰ ਦੂਰ ਕਰਨ ਲਈ ਮਹਿਲਾਵਾਂ ਦੀ ਭਾਗੀਦਾਰੀ ਅਤੇ ਕੁੜੀਆਂ ਦੀ ਸਿੱਖਿਆ, ਆਦਿਵਾਸੀ, ਜਾਤੀ ਅਤੇ ਧਰਮ ਆਧਾਰਿਤ ਸਮੂਹਾਂ ਦੀ ਸਿੱਖਿਆ ਤਾਂ ਕਿ ਇਹ ਸੁਨਿਸ਼ਚਿਤ ਹੋ ਸਕੇ ਕਿ ਇਹਨਾਂ ਸਮੁਦਾਇਆਂ ਦੇ ਬੱਚਿਆਂ ਨੂੰ ਉਹਨਾਂ ਲਈ ਨਿਰਧਾਰਿਤ ਸਾਰੇ ਲਾਭ ਪ੍ਰਾਪਤ ਹੋਣ, ਸ਼ਹਿਰੀ ਗਰੀਬ ਪਰਿਵਾਰਾਂ ਦੇ ਬੱਚਿਆਂ ਦੀ ਸਿੱਖਿਆ ਜਿਸ ਵਿੱਚ ਸ਼ਹਿਰੀ ਖੇਤਰਾਂ ਵਿੱਚ ਜੀਵਨ ਨੂੰ ਦਿਸ਼ਾ ਦੇਣ ਅਤੇ ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ ਦੀ ਸਿੱਖਿਆ ਦੇ ਨਾਲ-ਨਾਲ ਟ੍ਰਾਂਸਜੈਂਡਰ ਬੱਚਿਆਂ ਦੀ ਬੁਨਿਆਦੀ ਪੱਧਰ ਤੋਂ ਕਲਾਸ 12 ਤੱਕ ਨੇੜੇ ਦੇ ਸਕੂਲਾਂ ਵਿੱਚ ਮੁੱਖਧਾਰਾ ਦੇ ਬੱਚਿਆਂ ਦੇ ਨਾਲ ਨਿਰੰਤਰ ਅਤੇ ਨਵੀਨ ਫੋਕਸ, ਇਸ ਨੀਤੀ ਵਿੱਚ ਹੋਰ ਉਦਾਹਰਨਯੁਕਤ ਦਖ਼ਲ ਹਨ।

## 7. ਸਕੂਲ ਕੰਪਲੈਕਸਾਂ ਦੇ ਮਾਧਿਅਮ ਨਾਲ ਸਕੂਲ ਸਿੱਖਿਆ ਵਿੱਚ ਪ੍ਰਸ਼ਾਸਨ

**ਉਦੇਸ਼:**ਸਕੂਲਾਂ ਨੂੰ ਸਕੂਲ ਕੰਪਲੈਕਸਾਂ ਦਾ ਰੂਪ ਦਿੱਤਾ ਜਾਣਾ, ਜਿਸ ਨਾਲ ਸੰਸਾਧਨਾਂ ਦਾ ਸਾਂਝਾ ਉਪਯੋਗ ਆਸਾਨ ਬਣੇ ਅਤੇ ਸਕੂਲ ਪ੍ਰਸ਼ਾਸਨ ਜ਼ਿਆਦਾ ਸਥਾਨਕ, ਪ੍ਰਭਾਵੀ ਅਤੇ ਕੁਸ਼ਲ ਬਣੇ।

ਸਕੂਲ ਕੰਪਲੈਕਸਾਂ ਦੀ ਸਥਾਪਨਾ ਨਾਲ ਕਈ ਸੰਸਾਧਨਾਂ ਦੀ ਕਮੀ ਦੀਆਂ ਸਮੱਸਿਆਵਾਂ ਨੂੰ ਘੱਟ ਕਰਨ ਵਿੱਚ ਮੱਦਦ ਮਿਲੇਗੀ, ਜਿੰਨਾਂ ਦਾ ਸਾਹਮਣਾ ਵਰਤਮਾਨ ਵਿੱਚ ਪਬਲਿਕ ਸਕੂਲ, ਵਿਸ਼ੇਸ਼ ਰੂਪ ਨਾਲ ਛੋਟੇ ਸਕੂਲ ਕਰਦੇ ਹਨ। ਕਿਉਂਕਿ ਕਈ ਸਕੂਲਾਂ ਨੂੰ ਇਕ ਹੀ ਸੰਗਠਨਾਤਮਿਕ ਅਤੇ ਪ੍ਰਸ਼ਾਸਨਿਕ ਇਕਾਈ ਵਿੱਚ ਇਕੱਠਿਆਂ ਲਿਆਂਦਾ ਜਾਵੇਗਾ, ਇਸ ਲਈ ਸਕੂਲਾਂ ਦੀ ਭੌਤਿਕ ਸਥਾਨ ਬਦਲੀ ਦੀ ਜ਼ਰੂਰਤ ਦੇ ਬਿਨਾਂ, ਵਿਦਿਆਰਥੀਆਂ ਤੱਕ ਪਹੁੰਚ ਰੁਕਾਵਟਾਂ ਨਾਲ ਸਮਝੌਤਾ ਕੀਤੇ ਬਿਨਾਂ, ਪ੍ਰਭਾਵੀ ਪ੍ਰਸ਼ਾਸਨਿਕ ਇਕਾਈਂ ਨੂੰ ਬਣਾਉਣ ਵਿੱਚ ਮੱਦਦ ਮਿਲੇਗੀ।

a) ਜਨਸੰਖਿਆਵਿਤਰਣ, ਸੰਪਰਕਅਤੇਹੋਰਸਥਾਨਕਮਹੱਤਵਾਂਅਨੁਸਾਰਰਾਜ ਸਰਕਾਰਾਂ 2023 ਤੱਕ **ਸਕੂਲਾਂ ਨੂੰ ਕੰਪਲੈਕਸਾਂ ਵਿੱਚ ਇਕੱਤਰ** ਕਰਨਗੀਆਂ। ਇਕੱਤਰੀਕਰਨ ਦੇ ਅਭਿਆਸ ਵਿੱਚ ਬਹੁਤ ਘੱਟ ਦਾਖ਼ਲੇ ਵਾਲੇ ਸਕੂਲਾਂ ਦੀ ਸਮੀਖਿਆ ਅਤੇ ਏਕੀਕਰਨ ਸ਼ਾਮਿਲ ਹੋਵੇਗਾ (ਜਿਵੇਂ <20 ਵਿਦਿਆਰਥੀ)। ਇਸੇ ਸਮੇਂ ਟਰਾਂਸਪੋਰਟ ਦੀ ਵਿਵਸਥਾ ਵਰਗੇ ਕੰਮਾਂ ਦੇ ਮਾਧਿਅਮ ਰਾਹੀਂ ਪ੍ਰਕਿਰਿਆ ਵਿੱਚ ਪਹੁੰਚ ਪ੍ਰਭਾਵਿਤ ਨਹੀਂ ਹੋਵੇਗੀ। ਇਹ ਰਾਜਾਂ ਲਈ ਮੌਜੂਦਾ ਸਕੂਲਾਂ ਦੀ ਸਥਿਤੀ ਦਾ ਆਂਕਲਣ ਕਰਨ ਦਾ ਇਕ ਮੌਕਾ ਵੀ ਹੋਵੇਗਾ।

b) ਸਕੂਲ ਕੰਪਲੈਕਸ ਛੋਟੇ ਸਕੂਲਾਂ ਦੇ ਵਖਰੇਵੇ ਨੂੰ ਖ਼ਤਮ ਕਰ ਦੇਣਗੇ ਅਤੇ ਅਧਿਆਪਕਾਂ ਅਤੇ ਪ੍ਰਿੰਸੀਪਲਾਂ ਦਾ ਇਕ ਸਮੁਦਾਇ ਬਣੇਗਾ, ਜੋ ਅਕਾਦਮਿਕ ਅਤੇ ਪ੍ਰਸ਼ਾਸਨਿਕ ਰੂਪ ਨਾਲ ਇਕੱਠਿਆਂ ਕੰਮ ਕਰ ਸਕਦੇ ਹਨ ਅਤੇ ਇਕ ਦੂਸਰੇ ਦੀ ਸਹਾਇਤਾ ਕਰ ਸਕਦੇ ਹਨ। ਸਕੂਲ ਕੰਪਲੈਕਸ ਸਕੂਲ ਵਿਵਸਥਾ ਦੀ ਮੁਢਲੀ ਪ੍ਰਸ਼ਾਸਨਿਕ ਇਕਾਈ ਹੋਵੇਗੀ।

c) ਇਕ ਸਕੂਲ ਕੰਪਲੈਕਸ ਵਿੱਚ ਲਗਪਗ 10-20 ਸਕੂਲਾਂ ਦਾ ਇਕ ਸਮੂਹ ਹੋਵੇਗਾ, ਜੋ ਜੁੜਵੇਂ/ਨਿਕਟਵਰਤੀ ਭੂਗੋਲਿਕ ਖੇਤਰ ਦੇ ਨੇੜੇ ਮੁਢਲੀ ਬੁਨਿਆਦੀ ਅਵਸਥਾ ਤੋਂ ਕਲਾਸ 12 ਤੱਕ ਸਿੱਖਿਆ ਪ੍ਰਦਾਨ ਕਰ ਰਹੇ ਹਨ। ਸੈਕੰਡਰੀ ਸਕੂਲ ਦਾ ਪ੍ਰਿੰਸੀਪਲ ਸਕੂਲ ਕੰਪਲੈਕਸ ਦਾ ਮੁੱਖੀ ਹੋਵੇਗਾ।

d) ਹਰੇਕ ਸਕੂਲ ਕੰਪਲੈਕਸ ਇਕ **ਅਰਧ-ਸਵਾਧੀਨ** ਇਕਾਈ ਹੋਵੇਗਾ, ਜੋ ਮੁਢਲੇ ਬੁਨਿਆਦੀ ਪੱਧਰ ਤੋਂ 12ਵੀਂ ਕਲਾਸ ਤੱਕ ਸੈਕੰਡਰੀ ਸਕੂਲ (ਕਲਾਸ 9-12) ਤੱਕ ਸਿੱਖਿਆ ਪ੍ਰਦਾਨ ਕਰੇਗਾ ਅਤੇ ਸਾਰੇ ਪਬਲਿਕ ਸਕੂਲ ਇਸਦੇ ਆਂਢ-ਗੁਆਂਢ ਵਿੱਚ ਬੁਨਿਆਦੀ/ਆਰੰਭਿਕ ਅਤੇ ਮਿਡਲ ਸਕੂਲ ਸਿੱਖਿਆ ਪ੍ਰਦਾਨ ਕਰਨਗੇ।

e) ਸਕੂਲ ਕੰਪਲੈਕਸ ਸਕੂਲਾਂ ਦੇ ਸਮੂਹੀਕਰਨ ਲਈ ਵਿਸ਼ਾ ਅਧਿਆਪਕਾਂ, ਖੇਡ, ਸੰਗੀਤ ਅਤੇ ਕਲਾ ਅਧਿਆਪਕਾਂ, ਕਾਉਂਸਲਰ ਅਤੇ ਸਮਾਜ ਸੇਵਕਾਂ ਸਹਿਤ ਸਕੂਲਾਂ ਦੇ ਸੰਸਾਧਨਾਂ ਨੂੰ ਸਾਂਝਾ ਕਰਨ ਦੇ ਸਮਰੱਥ ਹੋਣਗੇ। ਇਹ ਭੌਤਿਕ ਸੰਸਾਧਨਾਂ ਜਿਵੇਂ ਕਿ ਪ੍ਰਯੋਗਸ਼ਾਲਾ, ਲਾਇਬਰੇਰੀਆਂ, ਆਈਸੀਟੀ ਉਪਕਰਨ, ਸੰਗੀਤ ਸਾਜ਼, ਖੇਡ ਉਪਕਰਨ, ਖੇਡ ਖੇਤਰ ਆਦਿ ਦਾ ਇਕ ਸੰਗਠਿਤ ਵਿਰਸਾ ਸਾਂਝਾ ਕਰਨਗੇ। ਜਿਸ ਵਿੱਚ ਪਬਲਿਕ ਸੰਸਾਧਨਾਂ ਦੀਆਂ ਸੁਵਿਧਾਵਾਂ ਦਾ ਜ਼ਿਆਦਾ ਤੋਂ ਜ਼ਿਆਦਾ ਉਪਯੋਗ ਹੋਵੇਗਾ।

f) **ਵਿੱਦਿਅਕ ਸੁਵਿਧਾਵਾਂ ਦਾ ਇਕ ਉਚਿਤ ਸੈੱਟ** ਬਣਾਉਣਾ ਉਦੇਸ਼ ਹੈ, ਜਿਸ ਵਿੱਚ ਮੁਢਲੇ ਤਿੰਨ ਸਾਲ ਦੀ ਸਿੱਖਿਆ ਪ੍ਰਦਾਨ ਕਰਨ ਵਾਲੇ ਸਕੂਲ, ਵਿਵਸਾਇਕ ਸਿੱਖਿਆ ਅਤੇ ਬਾਲਗ ਸਿੱਖਿਆ ਪ੍ਰਦਾਨ ਕਰਨ ਵਾਲੀਆਂ ਸੰਸਥਾਵਾਂ, ਅਧਿਆਪਕ ਸਹਾਇਤਾ ਸੰਸਥਾਵਾਂ ਅਤੇ ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ ਲਈ ਸਹਾਇਤਾ, ਜੋ ਇਕ ਨੇੜਲੇ ਭੂਗੋਲਿਕ ਖੇਤਰ ਵਿੱਚ ਸਥਿਤ ਹਨ ਅਤੇ ਉਹਨਾਂ ਦੇ ਕੰਮ ਵਿੱਚ ਇਕ ਦੂਸਰੇ ਦਾ ਸਾਥ ਦੇ ਸਕਦੇ ਹਨ। ਜਿਲ੍ਹੇ ਵਿੱਚ ਉੱਚ ਸਿੱਖਿਆ ਸੰਸਥਾਨ ਵੀ ਸਹਾਇਤਾ ਪ੍ਰਦਾਨ ਕਰੇਗਾ, ਜਿਵੇਂ – ਅਧਿਆਪਕ ਦੇ ਪੇਸ਼ੇਵਰ ਵਿਕਾਸ ਵਿੱਚ ਸਹਾਇਤਾ।

g) ਹਰੇਕ ਕੰਪਲੈਕਸ ਲਈ ਇਕ **ਵਿਆਪਕ ਅਧਿਆਪਕ ਵਿਕਾਸ ਯੋਜਨਾ** ਤਿਆਰ ਕੀਤੀ ਜਾਵੇਗੀ ਅਤੇ ਸਾਥੀ ਤੋਂ ਸਿੱਖਣ ਵਾਲੇ ਸਮੁਦਾਇਆਂ ਨੂੰ ਹਫ਼ਤਾਵਾਰੀ ਬੈਠਕਾਂ, ਅਧਿਆਪਕ ਸਿਖਲਾਈ ਕੇਂਦਰਾਂ ਵਰਗੀਆਂ ਪ੍ਰਕਿਰਿਆਵਾਂ ਦੇ ਮਾਧਿਅਮ ਨਾਲ ਸੁਚੇਤ ਰੂਪ ਨਾਲ ਵਿਕਸਿਤ ਅਤੇ ਨਿਰੰਤਰਤ ਬਣਾਕੇ ਰੱਖਿਆ ਜਾਵੇਗਾ। ਇਸਤੋਂ ਇਲਾਵਾ, ਨਿਰੰਤਰ ਪੇਸ਼ੇਵਰ ਵਿਕਾਸ ਦੇ ਹੋਰ ਤਰੀਕੇ ਪ੍ਰਦਾਨ ਕੀਤੇ ਜਾਣਗੇ, ਜਿਵੇਂ ਕਿ ਸੈਮੀਨਾਰ, ਇਨ-ਕਲਾਸ ਮੇਂਟਰਿੰਗ, ਐਕਸਪੋਜ਼ਰ ਵਿਜ਼ਟ ਆਦਿ। ਅਕਾਦਮਿਕ ਅਤੇ ਅਧਿਆਪਕ ਸਹਾਇਤਾ ਵਿਵਸਥਾ, ਜਿਸ ਵਿੱਚ ਜਿਲ੍ਹਾ ਸਿੱਖਿਆ ਅਤੇ ਟਰੇਨਿੰਗ ਦੇ ਜਿਲ੍ਹਾ ਸੰਸਥਾਨ ਅਤੇ ਬਲਾਕ ਅਤੇ ਕਲਸਟਰ ਕੇਂਦਰ ਸ਼ਾਮਿਲ ਹਨ, ਇਹਨਾਂ ਨੂੰ ਸਕੂਲ ਕੰਪਲੈਕਸ ਵਿਵਸਥਾ ਦੇ ਅਨੁਰੂਪ ਵਿਵਸਥਿਤ ਕੀਤਾ ਜਾਵੇਗਾ।

h) ਹਰੇਕ ਸਕੂਲ ਕੰਪਲੈਕਸ ਵਿੱਚ ਇਕ **ਸਕੂਲ ਕੰਪਲੈਕਸ ਪ੍ਰਬੰਧਨ ਕਮੇਟੀ** ਹੋਵੇਗੀ, ਜਿਸ ਵਿੱਚ ਕੰਪਲੈਕਸ ਦੇ ਸਾਰੇ ਸਕੂਲਾਂ ਦੇ ਪ੍ਰਤਿਨਿਧੀ ਸ਼ਾਮਿਲ ਹੋਣਗੇ। ਨਾਲ ਹੀ ਕੰਪਲੈਕਸ ਨਾਲ ਜੁੜੀਆਂ ਹੋਰ ਸੰਸਥਾਵਾਂ ਜਿਸ ਵਿੱਚ ਬਾਲਗ ਸਿੱਖਿਆ ਕੇਂਦਰ, ਕਲਸਟਰ ਸੰਸਥਾਨ ਕੇਂਦਰ, ਅਤੇ ਇਸੇ ਤਰ੍ਹਾਂ ਦੇ ਹੋਰ ਸ਼ਾਮਿਲ ਹੋਣਗੇ,ਕਮੇਟੀ ਨੂੰ ਰਾਜਾਂ ਅਤੇ ਉਸਦੇ ਵਿਧਾਨਾਂ ਨਾਲ ਸਕੂਲ ਵੱਲੋਂ ਦਖ਼ਲ ਦੇਣ ਲਈ ਅਵਾਜ਼ ਉਠਾਉਣ ਦਾ ਅਧਿਕਾਰ ਹੋਵੇਗਾ। ਇਹ ਅਧਿਆਪਕਾਂ ਦੇ ਪ੍ਰਦਰਸ਼ਨ ਪ੍ਰਬੰਧਨ ਵਿੱਚ ਕੇਂਦਰੀ ਭੂਮਿਕਾ ਵੀ ਨਿਭਾਏਗੀ।

i) ਵਿਸ਼ੇਸ਼ ਸਕੂਲ ਆਪਣੀਆਂ ਯੋਜਨਾਵਾਂ ਨੂੰ ਵਿਕਸਿਤ ਕਰਨਗੇ, ਜਿਸਦੀ ਵਰਤੋਂ **ਸਕੂਲ ਕੰਪਲੈਕਸ ਦੀਆਂ ਯੋਜਨਾਵਾਂ** ਦਾ ਨਿਰਮਾਣ ਕਰਨ ਲਈ ਕੀਤੀ ਜਾਵੇਗੀ, ਜਿਸ ਦੀ ਅੱਗੇ ਸਕੂਲ ਸਿੱਖਿਆ ਵਿਭਾਗ ਦੁਆਰਾ ਪੁਸ਼ਟੀ ਕੀਤੀ ਜਾਵੇਗਾ। ਹਰੇਕ ਜਿਲ੍ਹੇ ਵਿੱਚ ਸਕੂਲ ਵਿਵਸਥਾ ਦੀ ਦੇਖ-ਰੇਖ, ਉਹਨਾਂ ਦੇ ਕਾਰਜ ਅਤੇ ਅਧਿਕਾਰ ਪ੍ਰਦਾਨ ਕਰਨ ਲਈ ਇਕ **ਜਿਲ੍ਹਾ ਸਿੱਖਿਆ ਪਰਿਸ਼ਦ** ਵੀ ਹੋਵੇਗੀ।

## 8. ਸਕੂਲ ਸਿੱਖਆ ਦਾ ਵਿਧਾਨ

**ਉਦੇਸ਼:** ਭਾਰਤ ਦੀ ਸਕੂਲ ਸਿੱਖਿਆ ਪ੍ਰਣਾਲੀ ਪ੍ਰਭਾਵੀ ਵਿਧਾਨ ਅਤੇ ਮਾਨਤਾ ਵਿਧੀ ਦੇ ਮਾਧਿਅਮ ਨਾਲ ਮਜ਼ਬੂਤ ਹੁੰਦੀ ਹੈ, ਜੋ ਇਮਾਨਦਾਰੀ ਅਤੇ ਪਾਰਦਰਸ਼ਤਾ ਸੁਨਿਸ਼ਚਿਤ ਕਰਦੀ ਹੈ ਅਤੇ ਵਿੱਦਿਅਕ ਪਰਿਣਾਮਾਂ ਵਿੱਚ ਲਗਾਤਾਰ ਸੁਧਾਰ ਲਈ ਗੁਣਵੱਤਾ ਅਤੇ ਨਵੀਂ ਰੀਤ ਨੂੰ ਉਤਸ਼ਾਹ ਦਿੰਦੀ ਹੈ।

ਵਿਧਾਨ ਨੂੰ ਵਿੱਦਿਅਕ ਸੁਧਾਰ ਦਾ ਇਕ ਇੰਜਨ ਬਣਕੇ ਭਾਰਤ ਦੀ ਸਕੂਲ ਸਿੱਖਿਆ ਵਿਵਸਥਾ ਨੂੰ ਬਲ ਪ੍ਰਦਾਨ ਕਰਨਾ ਚਾਹੀਦਾ ਹੈ।

a) ਹਿੱਤਾਂ ਦੇ ਟਕਰਾਅ ਨੂੰ ਖ਼ਤਮ ਕਰਨ ਲਈ ਵੱਖ-ਵੱਖ ਸੰਸਥਾਵਾਂ ਦੁਆਰਾ ਸਕੂਲਾਂ (ਸੇਵਾ ਪ੍ਰਧਾਨ) ਦਾ ਵਿਧਾਨ ਅਤੇ ਸੰਚਾਲਨ ਕੀਤਾ ਜਾਵੇਗਾ। **ਨੀਤੀ ਨਿਰਧਾਰਨ, ਵਿਧਾਨ, ਸੰਚਾਲਨ ਅਤੇ ਅਕਾਦਮਿਕ ਮਾਮਲਿਆਂ ਲਈ ਸਪਸ਼ਟ, ਵੱਖ-ਵੱਖ ਵਿਵਸਥਾਵਾਂ** ਹੋਣਗੀਆਂ।

b) ਹਰੇਕ ਰਾਜ ਲਈ ਇਕ ਸੁਤੰਤਰ ਰਾਜ-ਵਿਆਪੀ ਨਿਯੰਤਰਕ ਸੰਸਥਾ, ਜਿਸਨੂੰ **ਰਾਜ ਸਕੂਲ ਨਿਯੰਤਰਕ ਅਥਾਰਟੀ** ਕਿਹਾ ਜਾਂਦਾ ਹੈ, ਨੂੰ ਨੀਮ-ਨਿਆਂ ਦਰਜ਼ੇ ਨਾਲ ਬਣਾਇਆ ਜਾਵੇਗਾ, ਜਦਕਿ ਪੂਰੇ ਰਾਜ ਦੀ ਪਬਲਿਕ ਸਕੂਲ ਵਿਵਸਥਾ ਦਾ ਸੰਚਾਲਨ ਸਕੂਲ ਸਿੱਖਿਆ ਡਾਇਰੈਕਟੋਰੇਟ ਦੁਆਰਾ ਕੀਤਾ ਜਾਵੇਗਾ।

c) **ਵਿਧਾਨ ਮਾਨਤਾ ਦੀ ਪ੍ਰਣਾਲੀ 'ਤੇ ਆਧਾਰਿਤ** ਇਕ ਸਕੂਲ ਗੁਣਵੱਤਾ ਮੁਲਾਂਕਣ ਅਤੇ ਮਾਨਤਾ ਰੂਪਰੇਖਾ ਦੁਆਰਾ ਸੂਚਿਤ ਹੋਵੇਗਾ।ਰੂਪਰੇਖਾ ਸਿਰਫ਼ ਬੁਨਿਆਦੀ ਮਾਪਦੰਡਾਂ ਨੂੰ ਸੰਬੋਧਿਤ ਕਰੇਗੀ, ਅਤੇ ਅੱਗੇ ਸਕੂਲ ਸ਼ੁਰੂ ਕਰਨ ਲਈ ਲਾਇਸੰਸ ਨੂੰ ਸੂਚਿਤ ਕਰੇਗੀ। ਜਦਕਿ ਸਕੂਲ ਸਵੈ-ਮਾਨਤਾ ਪ੍ਰਾਪਤ ਕਰਨਗੇ, ਔਡਿਟ ਦੀ ਇਕ ਵਿਧੀ ਸਥਾਪਿਤ ਕੀਤੀ ਜਾਵੇਗੀ। ਇਹ ਪ੍ਰਕਿਰਿਆ ਪਬਲਿਕ ਅਤੇ ਨਿੱਜੀ ਦੋਵਾਂ ਤਰ੍ਹਾਂ ਦੇ ਸਕੂਲਾਂ ਉੱਤੇ ਲਾਗੂ ਹੋਵੇਗੀ।

d) ਵਿਧਾਨ ਦਾ ਪਾਲਣ ਵਰਤਮਾਨ ਮੁਆਇਨਾ ਪਹੁੰਚ ਦੁਆਰਾ ਸੰਚਾਲਿਤ ਨਹੀਂ ਕੀਤਾ ਜਾਵੇਗਾ; ਇਸਦੇ ਬਜਾਇ, ਮਾਤਾ-ਪਿਤਾ ਸਕੂਲਾਂ ਤੋਂ ਸੰਬੰਧਿਤ ਸਾਰੀਆਂ ਪ੍ਰਸੰਗਿਕ ਜਾਣਕਾਰੀਆਂ ਜਨਤਕ ਡੋਮੇਨ ਵਿੱਚ ਹੋਣ ਕਾਰਨ ਵਾਸਤਵਿਕ ਰੂਪ ਨਾਲ ਨਿਯਮਕ ਬਣ ਜਾਣਗੇ।

e) ਰਾਜ ਵਿੱਚ ਮਾਨਕ ਸੈਟਿੰਗ ਅਤੇ ਪਾਠਕ੍ਰਮ ਸਹਿਤ ਅਕਾਦਮਿਕ ਮਾਮਲਿਆਂ ਦੀ ਅਗਵਾਈ ਵਿੱਦਿਅਕ ਖੋਜ ਅਤੇ ਸਿਖਲਾਈ ਦੇ ਰਾਜ ਪਰਿਸ਼ਦ ਦੁਆਰਾ ਕੀਤੀ ਜਾਵੇਗੀ। ਸਕੂਲ ਛੱਡਣ ਦੇ ਪੜਾਅ ਵਿੱਚ ਵਿਦਿਆਰਥੀਆਂ ਦੀਆਂ ਯੋਗਤਾਵਾਂ ਦਾ ਪ੍ਰਮਾਣੀਕਰਨ ਰਾਜ ਵਿੱਚ ਪ੍ਰਮਾਣੀਕਰਨ/ਪਰੀਖਿਆ ਦੁਆਰਾ ਨਿਯੰਤਰਿਤ ਕੀਤਾ ਜਾਵੇਗਾ, ਜੋ ਇਸ ਉਦੇਸ਼ ਲਈ ਸਾਰਥਿਕ ਪਰੀਖਿਆ ਆਯੋਜਿਤ ਕਰੇਗਾ; ਹਾਲਾਂਕਿ ਪਾਠਕ੍ਰਮ (ਪਾਠ ਪੁਸਤਕਾਂ ਸਹਿਤ) ਨੂੰ ਨਿਰਧਾਰਿਤ ਕਰਨ ਵਿੱਚ ਉਹਨਾਂ ਦੀ ਕੋਈ ਭੂਮਿਕਾ ਨਹੀਂ ਹੋਵੇਗੀ।

f) **ਨਿੱਜੀ ਪਰਉਪਕਾਰੀ ਸਕੂਲਾਂ** ਨੂੰ ਪ੍ਰੋਤਸਾਹਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਵਿਧਾਨਕ ਬੋਝ ਤੋਂ ਮੁਕਤ ਕੀਤਾ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਨਿੱਜੀ ਸਕੂਲ ਸੰਚਾਲਕਾਂ, ਜੋ ਵਪਾਰਕ ਉਦਯੋਗਾਂ ਦੇ ਰੂਪ ਵਿੱਚ ਸਕੂਲਾਂ ਨੂੰ ਚਲਾਉਣ ਦੀ ਕੋਸ਼ਿਸ਼ ਕਰਦੇ ਹਨ, ਉਹਨਾਂ ਉੱਤੇ ਰੋਕ ਲਗਾਈ ਜਾਵੇਗੀ।

g) ਪਬਲਿਕ ਅਤੇ ਨਿੱਜੀ ਸਕੂਲਾਂ ਨੂੰ ਇਕ ਹੀ ਮਾਪਦੰਡ, ਬੈਂਚਮਾਰਕ ਅਤੇ ਪ੍ਰਕਿਰਿਆਵਾਂ ਉੱਤੇ ਵਿਵਸਥਿਤ ਕੀਤਾ ਜਾਵੇਗਾ। ਨਾਲ ਹੀ ਇਹ ਸੁਨਿਸ਼ਚਿਤ ਕੀਤਾ ਜਾਵੇਗਾ ਕਿ ਜਨਤਕ ਹਿੱਤ-ਭਾਵਨਾ ਵਾਲੇ ਨਿੱਜੀ ਸਕੂਲਾਂ ਨੂੰ ਨਿੱਜੀ ਪਰਉਪਕਾਰੀ ਪਹਿਲ ਨਾਲ ਪ੍ਰੋਤਸ਼ਾਹਨ ਮਿਲੇ।

h) ਵਿੱਦਿਅਕ ਖੋਜ ਅਤੇ ਸਿਖਲਾਈ ਦੇ ਰਾਜ ਪਰਿਸ਼ਦ ਹਰੇਕ ਰਾਜ ਲਈ ਇਕ ਸਕੂਲ ਗੁਣਵੱਤਾ ਅਤੇ ਮੁਲਾਂਕਣ ਅਤੇ ਮਾਨਤਾ ਰੂਪਰੇਖਾ ਦਾ ਵਿਕਾਸ ਕਰੇਗੀ। ਇਸਦੀ ਵਰਤੋਂ ਰਾਜ ਸਕੂਲ ਨਿਯੰਤਰਕ ਅਥਾਰਟੀ ਦੁਆਰਾ ਮਾਨਤਾ ਪ੍ਰਣਾਲੀ ਦੇ ਆਧਾਰ ‘ਤੇ ਸਕੂਲਾਂ ਵਿਧਾਨ ਲਈ ਕੀਤਾ ਜਾਵੇਗਾ।

i) ਸਕੂਲਾਂ ਅਤੇ ਸਕੂਲ ਵਿਵਸਥਾਵਾਂ ਵਿੱਚ ਪਾਠਕ੍ਰਮ ਦੀ ਚੋਣ ਕਰਨ ਵਿੱਚ ਲਚਕੀਲਾਪਣ ਹੋਵੇਗਾ, ਜਿਸਨੂੰ ਰਾਸ਼ਟਰੀ/ਰਾਜ ਪਾਠਕ੍ਰਮ ਦੀ ਰੂਪਰੇਖਾ (ਰੂਪਰੇਖਾਵਾਂ) ਨਾਲ ਜੋੜਿਆ ਜਾਣਾ ਚਾਹੀਦਾ ਹੈ।

j) ਸਾਰੀਆਂ ਬਾਡੀਆਂ ਅਤੇ ਸੰਸਥਾਵਾਂ ਸਾਲਾਨਾ ਦੇ ਨਾਲ-ਨਾਲ ਮੱਧ-ਅਵਧੀ (3-5) ਦੀਆਂ ਯੋਜਨਾਵਾਂ ਦਾ ਵਿਕਾਸ ਕਰਨਗੀਆਂ। ਅਨੁਸਾਰੀ ਪ੍ਰਸ਼ਾਸਨਿਕ ਸੰਸਥਾ ਦੁਆਰਾ ਇਕ ਵਿਵਸਥਿਤ ਸਮੀਖਿਆ ਪ੍ਰਕਿਰਿਆ ਰੱਖੀ ਜਾਵੇਗੀ।

k) ਵਿਦਿਆਰਥੀ ਸਿਖਲਾਈ ਪੱਧਰ ਦੇ ਨਮੂਨਾ ਆਧਾਰਿਤ ਰਾਸ਼ਟਰੀ ਪ੍ਰਾਪਤੀ ਸਰਵੇਖਣ, ਰਾਸ਼ਟਰੀ ਵਿੱਦਿਅਕ ਖੋਜ ਅਤੇ ਸਿਖਲਾਈ ਪਰਿਸ਼ਦ ਦੁਆਰਾ ਜਾਰੀ ਰੱਖਿਆ ਜਾਵੇਗਾ। ਰਾਜ ਜਨਗਣਨਾ ਆਧਾਰਿਤ ਰਾਜ ਮੁਲਾਂਕਣ ਸਰਵੇਖਣ ਵੀ ਜਾਰੀ ਰੱਖ ਸਕਦੇ ਹਨ।

l) ਕਿਉਂਕਿ ਸਿੱਖਿਆ ਦਾ ਅਧਿਕਾਰ ਸਕੂਲ ਵਿਧਾਨ ਅਤੇ ਪ੍ਰਸ਼ਾਸਨ ਲਈ ਅਧਿਨਿਯਮਕ ਧੁਰਾ ਹੈ, ਇਸਦੀ ਸਮੀਖਿਆ ਕੀਤੀ ਜਾਵੇਗੀ। ਇਸ ਨੀਤੀ ਨੂੰ ਸਮਰੱਥ ਕਰਨ ਲਈ ਕੀਤੇ ਗਏ ਉਪਯੁਕਤ ਸੰਸ਼ੋਧਨਾਂ ਦੇ ਨਾਲ-ਨਾਲ ਇਸਨੂੰ ਅਧਿਨਿਯਮਕ ਕੀਤੇ ਜਾਣ ਦੇ ਬਾਅਦ ਤੋਂ ਸਿੱਖਿਆ ਦੇ ਆਧਾਰ ‘ਤੇ ਉਪਯੁਕਤ ਸੁਧਾਰਾਂ ਨੂੰ ਵੀ ਸ਼ਾਮਿਲ ਕੀਤਾ ਜਾਵੇਗਾ।

# ਉੱਚ ਸਿੱਖਿਆ

## 1. ਨਵੀਂ ਸੰਸਥਾਗਤ ਉਸਾਰੀ

**ਉਦੇਸ਼:**ਉੱਚ-ਸਿੱਖਿਆ ਪ੍ਰਣਾਲੀ ਨੂੰ ਸੁਧਾਰਨਾ, ਦੇਸ਼ ਭਰ 'ਚ ਵਿੱਸ਼ਵ-ਪੱਧਰੀਆਂ ਸੰਸਥਾਵਾਂ ਦੀ ਉਸਾਰੀ ਕਰਨਾ- 2035 ਤੱਕ ਸਫ਼ਲ ਦਾਖ਼ਲੇ ਦੇ ਕੁੱਲ ਅਨੁਪਾਤ ਨੂੰ ਘੱਟੋ-ਘੱਟ 50%ਤੱਕ ਵਧਾਉਣਾ।

ਉੱਚ-ਸਿੱਖਿਆ ਦੇ ਨਵੇਂ ਉਦੇਸ਼ ਅਤੇ ਉਸਾਰੀ ਦੀ ਪਰਿਕਲਪਨਾ ਉੱਚ-ਪੱਧਰੀ, ਉਤਕ੍ਰਿਸ਼ਟ ਸੰਸਥਾਵਾਂ ਅਤੇ ਉੱਘੇ ਬਹੁ-ਵਿੱਦਿਅਕ ਅਦਾਰੇ ਦੇ ਤੌਰ 'ਤੇ ਵਿਚਾਰ ਕੀਤਾ ਗਿਆ ਹੈ।ਮੌਜੂਦਾ 800 ਯੂਨੀਵਰਸਿਟੀਆਂ ਅਤੇ 40,000 ਕਾਲਜਾਂ ਨੂੰ 15,000 ਸ੍ਰੇਸ਼ਠ ਸੰਸਥਾਨਾਂ ਵੱਜੋਂ ਇੱਕਤਰ ਕੀਤਾ ਜਾਵੇਗਾ।

a. ਇਹ ਨਵੀਂ ਉੱਚ-ਸਿੱਖਿਆ ਉਸਾਰੀ ਸਿੱਖਿਆ ਅਤੇ ਖੋਜ ਲਈ **ਉੱਚ-ਪੱਧਰੀਆਂ ਅਤੇ ਚੰਗੀਆਂ ਉਤਕ੍ਰਿਸ਼ਟ ਸੰਸਥਾਵਾਂ, ਉੱਘੇ ਬਹੁ-ਵਿੱਦਿਅਕ ਅਦਾਰਿਆਂ** ਦਾ ਨਿਰਮਾਣ ਕਰੇਗੀ, ਜੋ ਮਜ਼ਬੂਤ ਸਿੱਖਿਅਕ ਸਮੂਦਾਇ ਦਾ ਨਿਰਮਾਣ ਕਰਦੇ ਹੋਏ ਪਹੁੰਚ ਅਤੇ ਸਮਰੱਥਾਦਾ ਕਾਫ਼ੀ ਵਿਸਥਾਰ ਕਰੇਗੀ। ਸਾਰੇ ਉੱਚ ਸਿੱਖਿਆ ਸੰਸਥਾਨ ਵਿਸ਼ਿਆਂ ਅਤੇ ਖੇਤਰਾਂ ਵਿੱਚ ਸਿੱਖਿਆ ਪ੍ਰੋਗਰਾਮਾਂ ਦੇ ਨਾਲਬਹੁ-ਵਿਸ਼ਾ ਖੇਤਰ ਵਾਲੇ ਅਦਾਰੇ ਬਣ ਜਾਣਗੇ।

b. ਫੋਕਸ ਵਿੱਚ ਫਰਕ 'ਤੇ ਆਧਾਰਿਤ- ਤਿੰਨ ਤਰ੍ਹਾਂ ਦੀਆਂ ਸੰਸਥਾਵਾਂ ਹੋਣਗੀਆਂਜੋ ਸਾਰੀਆਂ ਉੱਚ ਗੁਣਵੱਤਾ ਦੀਆਂ ਹੋਣਗੀਆਂ।

- ਟਾਈਪ-1 ਜੋ ਕਿ ਵਿਸ਼ਵ ਪੱਧਰੀ ਖੋਜ 'ਤੇ ਧਿਆਨ ਕੇਂਦਰਿਤ ਕਰਦਾ ਹੈਅਤੇ ਸਾਰੇ ਵਿਸ਼ਿਆਂ ਵਿੱਚ ਸਿੱਖਿਆ ਦੀ ਗੁਣਵੱਤਾ ਉੱਚ ਪੱਧਰ ਦੀ ਹੋਏਗੀ
- ਟਾਈਪ-2 ਜੋ ਖੋਜ ਵਿੱਚ ਮਹੱਤਵਪੂਰਣ ਯੋਗਦਾਨ ਵਾਲੇ ਵਿਸ਼ਿਆਂ ਵਿੱਚ ਉੱਚ ਗੁਣਵੱਤਾ ਦੀ ਸਿੱਖਿਆ 'ਤੇ ਧਿਆਨ ਕੇਂਦਰਿਤ ਕਰਦੀ ਹੈ
- ਟਾਈਪ-3ਜੋ ਅੰਡਰ-ਗ੍ਰੈਜੂਏਟ ਸਿੱਖਿਆ 'ਤੇ ਸਾਰੇ ਵਿਸ਼ਿਆਂ ਵਿੱਚ ਉੱਚ ਗੁਣਵੱਤਾ ਦੀ ਸਿੱਖਿਆ' ਤੇ ਧਿਆਨ ਕੇਂਦਰਿਤ ਕਰਦੀ ਹੈ।

c. ਇਹ ਪੁਨਰ-ਸੰਰਚਨਾ ਨੂੰ ਵਿਵਸਥਿਤ ਅਤੇ ਸੋਚ ਸਮਝ ਕੇ ਕੀਤਾ ਜਾਵੇਗਾ, ਇਕਸੁਰਤਾ ਅਤੇ ਪੁਨਰਗਠਨ ਦੁਆਰਾਮੌਜੂਦਾ ਸੰਸਥਾਵਾਂ ਨੂੰ ਮਜ਼ਬੂਤਕੀਤਾ ਜਾਏਗਾ ਅਤੇ ਨਵਿਆਂ ਦੀ ਉਸਾਰੀ ਕੀਤੀ ਜਾਏਗੀ।ਇਸ ਨਵੇਂ ਸੰਸਥਾਗਤ ਢਾਂਚੇ'ਤੇ ਤੇਜ਼ੀ ਨਾਲ ਕਾਰਜ ਕਰਨ ਲਈ**ਮਿਸ਼ਨ ਨਾਲੰਦਾ** ਅਤੇ **ਮਿਸ਼ਨ ਤਕਸ਼ੀਲਾ**ਆਰੰਭ ਕੀਤੇ ਜਾਣਗੇ।ਕੁਝ ਮੁਹਾਰਤ-ਸਥਾਪਿਤ ਕਰਨ ਵਾਲੀਆਂ ਸੰਸਥਾਵਾਂ, ਇੰਡੀਅਨ ਇੰਸਟੀਚਿਊਟ ਆਫ਼ਲਿਬਰਲ ਆਰਟਸ/ਬਹੁ-ਵਿਸ਼ਾ ਸਿੱਖਿਆ ਅਤੇ ਖੋਜ ਯੂਨੀਵਰਸਿਟੀਆਂ, ਇਨ੍ਹਾਂ ਮਿਸ਼ਨਾਂ ਦੇ ਹਿੱਸੇ ਵਜੋਂ ਸਥਾਪਤ ਕੀਤੀਆਂ ਜਾ ਸਕਦੀਆਂ ਹਨ।

d. ਸਾਰੇ ਸੰਸਥਾਨ ਜਾਂ ਤਾਂ ਯੂਨੀਵਰਸਿਟੀਆਂ ਜਾਂ ਸੁਤੰਤਰ ਡਿਗਰੀ-ਅਨੁਦਾਨ ਕਰਨ ਵਾਲੇ ਕਾਲਜ ਹੋਣਗੇ।

e. ਇੱਕ ਨਿਰਪੱਖ ਅਤੇ ਪਾਰਦਰਸ਼ੀ ਪ੍ਰਣਾਲੀ ਦੁਆਰਾ ਜਨਤਕ ਉੱਚ ਸਿੱਖਿਆ ਨੂੰ ਵਿਸਥਾਰ ਅਤੇ ਮਹੱਤਵਪੂਰਨ ਬਣਾਉਣ ਲਈ **ਮਹੱਤਵਪੂਰਨ ਜਨਤਕ ਨਿਵੇਸ਼** ਹੋਵੇਗਾ।

f. **ਸੁਵਿਧਾ-ਰਹਿਤ ਭੂਗੋਲਿਕ ਖੇਤਰਾਂ** ਵਿੱਚ ਉੱਚ-ਗੁਣਵੱਤਾ ਵਾਲੀਆਂ ਸੰਸਥਾਵਾਂ ਦਾ ਵਿਕਾਸ ਕਰਨਾ ਇੱਕ ਪ੍ਰਾਥਮਿਕਤਾ ਹੋਵੇਗੀ।

g. ਇਹ ਨਵੀਂ ਸੰਸਥਾਗਤ ਢਾਂਚਾਪੇਸ਼ੇਵਰ ਖੇਤਰਾਂ ਸਹਿਤ ਸਾਰੇ ਖੇਤਰਾਂ ਨੂੰ ਸ਼ਾਮਲ ਕਰੇਗਾ।

## 2. ਉਚ ਗੁਣਵੱਤਾ ਵਾਲੀ ਉਦਾਰਵਾਦੀ ਸਿੱਖਿਆ 'ਤੇ ਧਿਆਨ

**ਉਦੇਸ਼:** ਚੁਣੇ ਹੋਏ ਵਿਸ਼ਿਆਂ ਅਤੇ ਖੇਤਰਾਂ ਵਿੱਚ ਉੱਤਮ ਮੁਹਾਰਤ ਨਾਲਸਾਰੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਦੀ ਨੀਂਹ ਵਜੋਂ ਇੱਕ ਹੋਰ ਕਲਪਨਾਸ਼ੀਲ ਅਤੇ ਵਿਆਪਕ-ਆਧਾਰਿਤ ਉਦਾਰਵਾਦੀ ਸਿੱਖਿਆ ਨੂੰ ਆਧਾਰ ਬਣਾਕੇਪਹਿਲ ਕਰਨਾ।

ਕਲਪਨਾਤਮਕ ਰਾਹੀਂ ਸਾਰੇ ਅੰਡਰਗ੍ਰੈਜੁਏਟ ਪ੍ਰੋਗਰਾਮਾਂ ਨੂੰ ਸਰਬਵਿਆਪਕ ਵਿਕਾਸ ਲਈ ਬੁਨਿਆਦ ਦੇ ਤੌਰ ‘ਤੇ ਇੱਕ ਉਦਾਰ ਸਿੱਖਿਆ ਵਿਧੀ ਦੁਆਰਾ ਦਰਸਾਇਆ ਜਾਵੇਗਾ ਅਤੇ ਲਚਕਦਾਰ ਪਾਠਕ੍ਰਮ ਦੀਆਂ ਬਣਤਰਾਂ, ਅਧਿਐਨ ਦੇ ਵਿਸ਼ਾ-ਵਸਤੂ ਦੇ ਰਚਨਾਤਮਕ ਸੰਜੋਗ, ਅਤੇ ਏਕੀਕ੍ਰਿਤ ਪ੍ਰੋਗਰਾਮਾਂ ਦੇ ਅੰਦਰ ਕਈ ਐਗਜ਼ਿਟ ਅਤੇ ਐਂਟਰੀ ਪੁਆਇੰਟ, ਚੁਣੇ ਗਏ ਵਿਸ਼ਿਆਂ ਅਤੇ ਖੇਤਰਾਂ ਵਿੱਚ ਦ੍ਰਿੜ੍ਹਤਾ ਵਾਲੀ ਵਿਸ਼ੇਸ਼ਗਤਾ ਦੀ ਪੇਸ਼ਕਸ਼ ਕਰਦੇ ਹਨ।

a. ਸੰਵਿਧਾਨਕ ਮੁੱਲਾਂ ਨੂੰ ਵਿਕਸਤ ਕਰਨ ਦੇ ਉਦੇਸ਼ ਨਾਲ ਬਹੁ-ਵਿਸ਼ੇ ਦੇ ਮੌਕਿਆਂ ਨਾਲ **ਉਦਾਰਵਾਦੀ ਸਿੱਖਿਆ** ਉੱਚ ਸਿੱਖਿਆ ਦਾ ਆਧਾਰ ਹੋਵੇਗੀ।ਇਹ ਮਹੱਤਵਪੂਰਨ ਜੀਵਨ ਸਮਰੱਥਾਵਾਂ, ਉੱਤਮ ਵਿਸ਼ਾਗਤ ਸਮਝਅਤੇ ਸਮਾਜਿਕ-ਨੈਤਿਕਤਾ ਦੇ ਬੋਧ ਦਾ ਵਿਕਾਸ ਕਰੇਗਾ।ਇਹ ਸਾਰੇ ਪੇਸ਼ਾਵਰ ਅਤੇ ਵਿਵਸਾਇਕ ਖੇਤਰਾਂ ਸਮੇਤ ਵਿਸ਼ਿਆਂ, ਪ੍ਰੋਗਰਾਮਾਂ ਅਤੇ ਖੇਤਰਾਂ ਵਿੱਚ ਅੰਡਰਗ੍ਰੈਜੁਏਟ ਪੱਧਰ ਤੱਕਇਹੀ ਪਹੁੰਚਰਹੇਗੀ।

b. ਕੇਂਦਰ, ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ ਦੇ ਆਦਰਸ਼ ਅਤੇ ਮਾਨਕਦੇ ਲਿਬਰਲ ਆਰਟਸ/ਬਹੁ-ਵਿਸ਼ੇਗਤ ਸਿੱਖਿਆ ਅਤੇਖੋਜ ਯੂਨੀਵਰਸਿਟੀਆਂ ਵਰਗੇ ਦਸ ਸੰਸਥਾਨ ਸਥਾਪਿਤ ਕਰੇਗਾ।

c. **ਕਲਪਨਾਸ਼ੀਲ ਅਤੇ ਲਚਕਦਾਰ ਪਾਠਕ੍ਰਮਸੰਰਚਨਾਵਾਂ** ਅਧਿਐਨ ਦੇ ਵਿਸ਼ਿਆਂ ਦੇ ਰਚਨਾਤਮਕ ਦੇ ਸੁਮੇਲ ਨੂੰ ਸਮਰੱਥ ਕਰਨਗੀਆਂ, ਅਤੇ ਵਿਦਿਆਰਥੀਆਂ ਲਈ ਕਈ ਲਾਭਦਾਇਕ ਨਿਕਾਸ ਅਤੇ ਪ੍ਰਵੇਸ਼ ਬਿੰਦੂਆਂ ਪ੍ਰਦਾਨ ਕਰਦੀ ਹੈ, ਇਸ ਪ੍ਰਕਾਰ ਵਰਤਮਾਨ ਵਿੱਚ ਪ੍ਰਚਲਿਤ ਕਠੋਰ ਚੁਣੌਤੀਆਂ ਨੂੰ ਨਸ਼ਟ ਕਰਨਾ ਅਤੇ ਜੀਵਨ ਭਰ ਲੰਬੇ ਸਮੇਂ ਤੱਕ ਸਿੱਖਣ ਦੀਆਂ ਸੰਭਾਵਨਾਵਾਂ ਪੈਦਾ ਕਰਨਾ ਹੈ। ਗ੍ਰੈਜੂਏਟ (ਮਾਸਟਰਜ਼ ਅਤੇ ਡਾਕਟਰੇਟ) ਪੱਧਰ ਦੀ ਸਿੱਖਿਆ ਉੱਤਮ ਖੋਜ-ਅਧਾਰਿਤ ਵਿਸ਼ੇਸ਼ਗਤਾ ਪ੍ਰਦਾਨ ਕਰੇਗੀ।

d. ਅੰਡਰਗਰੈਜੂਏਟ ਦੀ ਡਿਗਰੀ 3 ਜਾਂ 4 ਸਾਲ ਦੀ ਮਿਆਦ ਦੀ ਹੋ ਸਕਦੀ ਹੈ। ਇੰਸਟੀਚਿਊਟ 1 ਸਾਲ ਪੂਰਾ ਕਰਨ ਤੋਂ ਬਾਅਦ 2 ਸਾਲਾਂ ਦੇ ਅਧਿਐਨ ਜਾਂ ਸਰਟੀਫਿਕੇਟ ਪੂਰੀ ਕਰਨ ਤੋਂ ਬਾਅਦ ਅਨੁਸੂਚਿਤ ਜਾਂ ਖੇਤਰ(ਵਿਵਸਾਇਕ ਅਤੇ ਪੇਸ਼ੇਵਰ ਖੇਤਰ ਸਮੇਤ) ਵਿੱਚ ਉੱਚਿਤ ਸਰਟੀਫਿਕੇਸ਼ਨ ਦੇ ਨਾਲ, ਇਸ ਮਿਆਦ ਦੇ ਅੰਦਰ **ਮਲਟੀਪਲ ਨਿਕਾਸੀ ਵਿਕਲਪ** (multiple exit options) ਦਿੱਤੇ ਜਾ ਸਕਦੇ ਹਨ।

e. 4-ਸਾਲ ਦਾ ਪ੍ਰੋਗਰਾਮ ਵਿਦਿਆਰਥੀਆਂ ਨੂੰ ਉਦਾਰ ਸਿੱਖਿਆ ਦੀ ਪੂਰੀ ਸ਼੍ਰੇਣੀ ਦਾ ਅਨੁਭਵ ਕਰਨ ਦਾ ਮੌਕਾ ਪ੍ਰਦਾਨ ਕਰੇਗਾ। ਚੁਣੇ ਗਏ ਮੁੱਖ ਅਤੇ ਲਘੂ ਵਿਸ਼ਿਆਂ ਵਿੱਚ ਉਸ ਨੂੰ **ਬੈਚਲਰ ਆਫ਼ ਲਿਬਰਲ ਆਰਟਸ** (Bachelor of Liberal Arts) ਕਿਹਾ ਜਾਏਗਾ। 3 ਸਾਲਾਂ ਦਾ ਪ੍ਰੋਗਰਾਮ ਪੂਰਾ ਕਰਨ ਤੋਂ ਬਾਅਦ ਬੈਚਲਰ ਡਿਗਰੀ ਮਿਲੇਗੀ। ਜੇਕਰ ਦੋਵੇਂ ਪ੍ਰੋਗਰਾਮਾਂ ਦੇ ਵਿਦਿਆਰਥੀ ਖੋਜ ਕਾਰਜ ਕਰਦੇ ਹਨ ਤਾਂ ਉਹਨਾਂ ਨੂੰ ‘ਆਨਰਜ਼ ਦੀ ਡਿਗਰੀ’ ਦਿੱਤੀ ਜਾਏਗੀ।

**f.** ਕੁਝ ਵਿਸ਼ੇਸ਼ ਪੇਸ਼ੇਵਰ ਵਿਸ਼ੇ (ਜਿਵੇਂ ਅਧਿਆਪਕ ਸਿੱਖਿਆ, ਇੰਜੀਨੀਅਰਿੰਗ, ਮੈਡੀਸੀਨ, ਕਾਨੂੰਨ) ਅੰਡਰਗਰੈਜੂਏਟ ਡਿਗਰੀ ਲਈ ਸਿਰਫ 4 ਸਾਲ ਦੀ ਮਿਆਦ (ਜਾਂ ਵੱਧ) ਹੋ ਸਕਦੀ ਹੈ।

**g.** ਸੰਸਥਾਵਾਂ ਕੋਲ ਮਾਸਟਰ ਦੇ ਪ੍ਰੋਗਰਾਮ ਦੇ ਵੱਖ-ਵੱਖ ਡਿਜ਼ਾਈਨ ਪੇਸ਼ ਕਰਨ ਦੀ ਲਚਕਤਾ ਹੋਵੇਗੀ, ਉਦਾਹਰਨ ਦੇ ਤੌਰ ‘ਤੇ 2-ਸਾਲ ਦਾ ਪ੍ਰੋਗਰਾਮ ਹੋ ਸਕਦਾ ਹੈ, ਜਿਸ ਦਾ ਦੂਜਾ ਸਾਲ ਪੂਰੀ ਤਰ੍ਹਾਂ ਖੋਜ ਲਈ ਸਮਰਪਿਤ ਹੋ ਸਕਦਾ ਹੈ, ਜਿਨ੍ਹਾਂ ਨੇ 3-ਸਾਲ ਦਾ ਅੰਡਰ-ਗ੍ਰੈਜੂਏਟ ਪ੍ਰੋਗਰਾਮ ਪੂਰਾ ਲਿਆ ਹੈ, ਉਹਨਾਂ ਲਈ 5-ਸਾਲ ਦਾ ਇਕ ਸੰਗਠਿਤ ਮਾਸਟਰ ਪ੍ਰੋਗਰਾਮ ਵੀ ਹੋ ਸਕਦਾ ਹੈ ਅਤੇ 4 ਸਾਲ ਦੀ ਅੰਡਰਗਰੈਜੂਏਟ ਡਿਗਰੀ ਪੂਰੀ ਕਰਨ ਵਾਲੇ ਵਿਦਿਆਰਥੀਆਂ ਲਈ ਮਾਸਟਰ ਪ੍ਰੋਗਰਾਮ 1-ਸਾਲ ਦਾ ਹੋ ਸਕਦਾ ਹੈ।

**h.** ਪੀ.ਐੱਚ.ਡੀ ਕਰਨ ਲਈ ਮਾਸਟਰ ਦੀ ਡਿਗਰੀਜਾਂ ਆਨਰਜ਼ ਨਾਲ 4-ਸਾਲ ਦੀ ਅੰਡਰ-ਗ੍ਰੈਜੂਏਟ ਡਿਗਰੀ ਦੀ ਜ਼ਰੂਰਤ ਹੋਵੇਗੀ। ਐਮ.ਫਿਲ. ਪ੍ਰੋਗਰਾਮ ਨੂੰ ਬੰਦ ਕਰ ਦਿੱਤਾ ਜਾਵੇਗਾ।

## 3. ਸਿੱਖਣ ਲਈ ਸਹਾਈ ਮਾਹੌਲ ਬਣਾਉਣਾ

**ਉਦੇਸ਼**:ਇੱਕ ਖੁਸ਼ਹਾਲ, ਕਠੋਰ ਅਤੇ ਸੰਵੇਦਨਸ਼ੀਲ ਪਾਠਕ੍ਰਮ, ਅਨੁਕੂਲ ਅਤੇ ਪ੍ਰਭਾਵੀ ਸਿੱਖਿਆ ਸ਼ਾਸਨ, ਅਤੇ ਸਿੱਖਣ ਨੂੰ ਬਿਹਤਰ ਬਣਾਉਣ ਲਈ ਲੋੜੀਂਦੀ ਸਹਾਇਤਾ, ਤਾਂ ਜੋ ਵਿਦਿਆਰਥੀਆਂ ਦੇ ਸਰਭ-ਪੱਖੀ ਵਿਕਾਸ ਨੂੰ ਯਕੀਨੀ ਬਣਾਇਆ ਜਾ ਸਕੇ।

ਉੱਚ ਸਿੱਖਿਆ ਵਿੱਚ ਪਾਠਕ੍ਰਮ ਅਤੇ ਸਿਖਿਆ ਸ਼ਾਸਤਰ ਦਾ ਸਰੂਪ ਅਜਿਹਾ ਹੋਵੇਗਾ ਕਿ ਜਿਸ ਵਿੱਚ ਤੱਥਾਂ ਨੂੰ ਰੱਟਣ ਅਤੇ ਮਕੈਨਿਕੀ ਪ੍ਰਕਿਰਿਆਵਾਂ ਦੂਰ ਰੱਖਿਆ ਜਾ ਸਕੇ, ਸਿੱਟੇ ਵੱਜੋਂ ਨੌਜਵਾਨ ਇਸ ਯੋਗ ਬਣ ਸਕਣ ਕਿ ਉਹ ਇਕ ਲੋਕਤੰਤਰ ਦੇ ਇੱਕ ਸਰਗਰਮ ਨਾਗਰਿਕ ਦੇ ਤੌਰ 'ਤੇ ਅਤੇ ਕਿਸੇ ਵੀ ਖੇਤਰ ਵਿੱਚ ਇਕ ਸਫ਼ਲ ਪੇਸ਼ੇਵਰ ਦੀ ਤਰਾਂ ਆਪਣਾ ਯੋਗਦਾਨ ਪਾ ਸਕਣ।

a. ਸੰਵੇਦਨਸ਼ੀਲ ਅਤੇ ਕਠੋਰ ਪਾਠਕ੍ਰਮ ਦਾ ਵਿਕਾਸ **ਰਾਸ਼ਟਰੀ ਉਚ-ਸਿੱਖਿਆ ਯੋਗਤਾ ਰੂਪਰੇਖਾ** (National Higher Education Qualifications Framework) ਦੁਆਰਾ ਨਿਰਦੇਸ਼ਿਤ ਕੀਤਾ ਜਾਵੇਗਾ, ਜੋ ਕਿ ਵੱਖ-ਵੱਖ ਖੇਤਰਾਂ ਅਤੇ ਵਿਸ਼ਿਆਂ ਵਿੱਚ ਪੇਸ਼ ਡਿਗਰੀ/ਡਿਪਲੋਮਾ/ਸਰਟੀਫਿਕੇਸ਼ਨ ਨਾਲ ਸੰਬੰਧਿਤ ਸਿੱਖਿਆ ਨਤੀਜਿਆਂ ਦੀ ਰੂਪਰੇਖਾ ਪ੍ਰਦਾਨ ਕਰੇਗਾ। ਇਹ ਫਰੇਮਵਰਕ ਰਾਸ਼ਟਰੀਮੁਹਾਰਤ ਯੋਗਤਾ ਰੂਪਰੇਖਾਨਾਲ ਜੁੜਿਆ ਹੋਵੇਗਾ ਤਾਂ ਕਿ ਸਾਰੇ ਵਿੱਦਿਅਕ ਅਤੇ ਪ੍ਰੋਫੈਸ਼ਨਲ/ਕਿੱਤਾ ਖੇਤਰਾਂ ਵਿੱਚ ਸਮਾਨਤਾ ਅਤੇ ਗਤੀਸ਼ੀਲਤਾ ਯਕੀਨੀ ਬਣਾਈ ਜਾ ਸਕੇ।

b. **ਚੋਣ ਆਧਾਰਿਤ ਕ੍ਰੈਡਿਟ ਸਿਸਟਮ** (Choice Based Credit System)ਨੂੰ ਦੁਬਾਰਾ ਵਿਚਾਰਿਆ ਅਤੇ ਸੋਧਿਆਜਾਏਗਾ ਤਾਂ ਜੋ ਲਚਕੀਲਾਪਨ ਅਤੇ ਨਵੀਨਤਾ ਨੂੰ ਵਧਾਇਆ ਜਾ ਸਕੇ।

c. ਪ੍ਰਭਾਵਸ਼ਾਲੀ ਸਿੱਖਿਆ ਸੰਬੰਧੀ ਪ੍ਰਥਾਵਾਂ ਦੁਆਰਾ ਸਿੱਖਣ ਦੇ ਤਜ਼ਰਬਿਆਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ;ਸਾਰੇ ਵਿਦਿਆਰਥੀਆਂ ਨੂੰ ਸਮਾਜਿਕ ਰੁਝੇਵਿਆਂ ਨਾਲ ਜੋੜਣ ਲਈ ਮਹੱਤਵਪੂਰਣ ਮੌਕੇ ਦਿੱਤੇ ਜਾਣਗੇ। ਵਿਦਿਆਰਥੀਆਂ ਦਾ ਮੁਲਾਂਕਣ ਸਿਰਫ਼ ਅਕਾਦਮਿਕ ਪਹਿਲੂਆਂ 'ਤੇ ਹੀ ਨਹੀਂ ਸਗੋਂ ਵਿਸ਼ਾਲ ਸਮਰੱਥਾਵਾਂ ਅਤੇ ਵਿਹਾਰਾਂ ਉੱਪਰ ਵੀ ਕੀਤਾ ਜਾਵੇਗਾ।

d. ਵਿਦਿਆਰਥੀਆਂ ਨੂੰ ਬਿਹਤਰ ਨਤੀਜੇ ਪ੍ਰਾਪਤ ਕਰਨ ਵਿੱਚ ਮਦਦ ਲਈ ਅਕਾਦਮਿਕ, ਵਿੱਤੀ ਅਤੇ ਭਾਵਾਤਮਿਕ ਸਹਾਇਤਾ ਉਪਲਬਧ ਹੋਵੇਗੀ।

e. **ਓਪਨ ਅਤੇ ਪੱਤਰ-ਵਿਹਾਰਸਿੱਖਿਆ** ਦਾ ਵਿਸਥਾਰ ਕੀਤਾ ਜਾਵੇਗਾ, ਇੰਜ ਇਹ ਕੁੱਲ ਦਾਖ਼ਲਾ ਅਨੁਪਾਤ ਵਿੱਚ 50% ਤੱਕ ਵਾਧਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ। ਪੱਤਰ-ਵਿਹਾਰਸਿੱਖਿਆਨੂੰ ਕਲਾਸ ਦੀ ਉੱਚਤਮ ਸਿੱਖਿਆ ਦੇ ਬਰਾਬਰ ਬਣਾਉਣ ਲਈ ਆੱਨ ਲਾਈਨ ਡਿਜੀਟਲ ਰਿਪੋਜ਼ਟਰੀ (onlinedigitalrepository),ਖੋਜ ਲਈ ਵਿੱਤੀ ਸਹਾਇਤਾ, ਵਿਦਿਆਰਥੀ ਸੇਵਾਵਾਂ ਵਿੱਚ ਬਿਹਤਰੀ, ਕ੍ਰੈਡਿਟ ਆਧਾਰਿਤ ਮਾਨਤਾਵਾਂ ਅਤੇ MOOCsਦੀ ਮਨਜ਼ੂਰੀ ਆਦਿ ਜਿਹੇ ਕਦਮ ਲਏ ਜਾਣਗੇ।

f. ਸੰਸਥਾਗਤ ਸਹਿਯੋਗ ਲਈ ਵਿਦਿਆਰਥੀ ਅਤੇ ਅਧਿਆਪਕਾਂ ਨੂੰ ਇਕ ਦੂਜੀਆਂ ਸੰਸਥਾ ਵਿੱਚ ਭੇਜਕੇ ਸਿੱਖਿਆ ਦੇ **ਅੰਤਰਰਾਸ਼ਟਰੀਕਰਨ** ਨੂੰ ਗਤੀਸ਼ੀਲਤਾ ਪ੍ਰਦਾਨ ਕੀਤੀ ਜਾਵੇਗੀ। ਚੁਣੀਆਂ ਗਈਆਂ ਭਾਰਤੀਯੂਨੀਵਰਸਿਟੀਆਂ ਵਿੱਚ ਅੰਤਰਰਾਸ਼ਟਰੀ ਸਿੱਖਿਆ ਲਈ ਅੰਤਰ-ਯੂਨੀਵਰਸਿਟੀ ਕੇਂਦਰ ਸਥਾਪਿਤ ਕੀਤੇ ਜਾਣਗੇ।

## 4. ਸਮਰੱਥ, ਸਰਗਰਮ ਅਤੇ ਯੋਗ ਫੈਕਲਟੀ

**ਉਦੇਸ਼:** ਉੱਚ ਯੋਗਤਾ ਅਤੇ ਡੂੰਘੀ ਪ੍ਰਤੀਬੱਧਤਾ ਵਾਲੇ, ਸਿੱਖਿਆ ਅਤੇ ਖੋਜ ਵਿੱਚ ਉੱਤਮਤਾ ਲਿਆਉਣ ਲਈਸਮਰੱਥ, ਸਰਗਰਮ ਫੈਕਲਟੀ।

ਉੱਚ ਸਿੱਖਿਆ ਸੰਸਥਾਨਾ ਦੀ ਸਫਲਤਾ ਲਈ ਸਭ ਤੋਂ ਮਹੱਤਵਪੂਰਨ ਕਾਰਕ ਉਸਦੀ ਫੈਕਲਟੀ ਦੀ ਗੁਣਵੱਤਾ ਅਤੇ ਰੁਝੇਵਿਆਂ ਦਾ ਹੈ। ਇਹ ਪਾਲਿਸੀ ਫੈਕਲਟੀ ਨੂੰ ਉੱਚ ਸਿੱਖਿਆ ਦੇ ਕੇਂਦਰ ਵਿੱਚ ਸਥਾਪਿਤ ਕਰਦੀ ਹੈ।

a. ਹਰ ਸੰਸਥਾ ਕੋਲ ਢੁਕਵੀਂ ਫੈਕਲਟੀ ਹੋਵੇਗੀ, ਇਹ ਸੁਨਿਸ਼ਚਿਤ ਕਰਨਾ ਕਿ ਸਾਰੇ ਪ੍ਰੋਗਰਾਮ, ਵਿਸ਼ਾ ਅਤੇ ਖੇਤਰ ਦੀਆਂ ਸਾਰੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ, ਵਿਦਿਆਰਥੀ-ਅਧਿਆਪਕ ਅਨੁਪਾਤ (30:1ਤੋਂ ਜ਼ਿਆਦਾ ਨਹੀਂ) ਕਾਇਮ ਹੋਵੇ ਅਤੇ ਭਿੰਨਤਾ ਯਕੀਨੀ ਬਣਾਈ ਜਾ ਸਕੇ।

b. ਐਡਹਾਕ ਅਤੇ ਠੇਕੇ ‘ਤੇ ਨਿਯੁਕਤੀਆਂ ਕਰਨ ਦੀ ਪ੍ਰਚਲਿਤ ਪ੍ਰਥਾ ਨੂੰ ਤੁਰੰਤ ਬੰਦ ਕਰ ਦਿੱਤਾ ਜਾਵੇਗਾ।

c. ਫੈਕਲਟੀ ਦੀ ਭਰਤੀ ਅਕਾਦਮਿਕ ਮੁਹਾਰਤ, ਅਧਿਆਪਨ ਸਮਰੱਥਾਵਾਂ ਅਤੇ ਜਨਤਕ ਸੇਵਾ ਲਈ ਰੁਚੀ 'ਤੇ ਆਧਾਰਿਤ ਹੋਵੇਗੀ।

d. ਫੈਕਲਟੀ ਲਈ ਇਕ ਉਚਿਤ ਤਰੀਕੇ ਨਾਲ ਸਥਾਈ ਨੌਕਰੀ (ਕਾਰਜਕਾਲ) ਟ੍ਰੈਕ ਸਿਸਟਮ ਪੇਸ਼ ਕੀਤਾ ਜਾਵੇਗਾ- ਇਹ 2030 ਤੱਕ ਪ੍ਰਾਈਵੇਟ ਸੰਸਥਾਨਾਂ ਸਮੇਤ ਸਾਰੀਆਂ ਸੰਸਥਾਨਾਂ ਵਿੱਚ ਪੂਰੀ ਤਰ੍ਹਾਂ ਕੰਮ ਕਰੇਗਾ।

e. ਫੈਕਲਟੀ ਨੂੰ ਉਨ੍ਹਾਂ ਦੇ ਕੋਰਸ ਲਈ ਆਪਣੀ ਪਸੰਦ ਦਾ ਪਾਠਕ੍ਰਮ ਬਣਾਉਣ ਅਤੇ ਅਕਾਦਮਿਕ ਆਜ਼ਾਦੀ ਦੇ ਨਾਲ ਖੋਜ ਕਰਨ ਦਾ ਅਧਿਕਾਰ ਦਿੱਤਾ ਜਾਵੇਗਾ।

f. ਸਾਰੇ ਅਦਾਰੇ ਆਪਣੀ ਫੈਕਲਟੀ ਲਈ ਇਕ ਲਗਾਤਾਰ ਪੇਸ਼ੇਵਰ ਵਿਕਾਸ ਯੋਜਨਾ ਵਿਕਸਤ ਕਰਨਗੇ ਅਤੇ ਇਸਦੇ ਲਾਗੂ ਕਰਨ ਲਈ ਪ੍ਰਕਿਰਿਆ ਦਾ ਵੀ ਪਤਾ ਲਗਾਉਣਗੇ।ਇਸ ਯੋਜਨਾ ਵਿੱਚ ਖੇਤਰ/ਅਨੁਸ਼ਾਸਨ ਵਿੱਚ ਸਮਰੱਥਾ ਵਿਕਾਸ, ਵਿਦਿਅਕ ਯੋਗਤਾਵਾਂ, ਖੋਜ ਅਤੇ ਅਭਿਆਸ ਵਿੱਚ ਯੋਗਦਾਨ ਸ਼ਾਮਲ ਹੋਣਗੇ।

g. ਫੈਕਲਟੀ ਦੀ ਭਰਤੀ ਅਤੇ ਵਿਕਾਸ, ਕਰੀਅਰ ਵਿੱਚ ਵਾਧਾ, ਮੁਆਵਜ਼ੇ ਦਾ ਪ੍ਰਬੰਧਨ ਹਰੇਕ ਸੰਸਥਾਨ ਦੀ ਸੰਸਥਾਗਤ ਵਿਕਾਸ ਯੋਜਨਾ ਵਿੱਚ ਸ਼ਾਮਿਲ ਹੋਣਗੇ।

## 5. ਇਖ਼ਤਿਆਰੀ ਸ਼ਾਸਨ ਅਤੇ ਸਵਾਧੀਨਤਾ

**ਉਦੇਸ਼:**ਯੋਗ ਅਤੇ ਨੈਤਿਕ ਅਗਵਾਈ ਨਾਲ ਸੁਤੰਤਰ, ਸਵੈ-ਸ਼ਾਸਿਤ ਉੱਚ ਸਿੱਖਿਆ ਸੰਸਥਾਨ।

ਉੱਚ ਗੁਣਵੱਤਾ ਦੀ ਸਿੱਖਿਆ ਅਤੇ ਖੋਜ ਲਈ ਸਾਜ਼ਗਾਰ ਵਾਤਾਵਰਣ ਦੀ ਲੋੜ ਹੁੰਦੀ, ਹੈ ਜਿਸ ਵਿਚੋਂ ਬੌਧਿਕ ਖ਼ਮੀਰਉਤਪੰਨ ਹੁੰਦਾ ਹੈ। ਉੱਚ ਸਿੱਖਿਆ ਸੰਸਥਾਨਾਂ ਦਾ ਸ਼ਾਸਨ ਉਸ ਦੀ ਸੰਸਕ੍ਰਿਤੀਨੂੰ ਨਿਰਧਾਰਿਤ ਕਰਦਾ ਹੈ।

a. ਉੱਚ ਸਿੱਖਿਆ ਸੰਸਥਾਨਾਂ ਨੂੰ **ਸੁਤੰਤਰ ਬੋਰਡਾਂ** ਦੁਆਰਾ ਸੰਚਾਲਿਤ ਕੀਤਾ ਜਾਵੇਗਾ, ਜਿਹਨਾਂ ਨੂੰ ਪੂਰੀ ਅਕਾਦਮਿਕ ਅਤੇ ਪ੍ਰਸ਼ਾਸਨਿਕ ਸਵਾਧੀਨਤਾ ਹੋਵੇਗੀ।ਬੋਰਡ, ਬੋਰਡ ਦਾ ਮੁਖੀ ਅਤੇ ਵਾਈਸ ਚਾਂਸਲਰ/ ਡਾਇਰੈਕਟਰ (ਚੀਫ਼ ਐਗਜ਼ੀਕਿਊਟਿਵ) ਦੀ ਸਥਾਪਨਾ ਅਤੇ ਨਿਯੁਕਤੀ ਵਿੱਚ ਇਹ ਯਕੀਨੀ ਬਣਾਇਆ ਜਾਵੇਗਾ ਕਿਸਰਕਾਰ ਦੀ ਬਾਹਰਲੀ ਦਖਲਅੰਦਾਜ਼ੀ ਬਿਲਕੁਲ ਵੀ ਨਾ ਹੋਵੇ। ਸੰਸਥਾ ਲਈ ਵਚਨਬੱਧਤਾ ਵਾਲੇ ਉੱਚ-ਸਮਰੱਥਾ ਵਾਲੇ ਲੋਕਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾ ਸਕੇ।

b. ਸਾਰੇ ਉੱਚ ਸਿੱਖਿਆ ਸੰਸਥਾਨ ਸਵਾਧੀਨ,ਸਵੈ-ਸ਼ਾਸਨ ਪ੍ਰਣਾਲੀ ਬਣ ਜਾਣਗੇ ਅਤੇ 'ਮਾਨਤਾ' ਦੇ ਅਭਿਆਸ ਨੂੰ ਰੋਕ ਦਿੱਤਾ ਜਾਵੇਗਾ। 'ਮਾਨਤਾ ਪ੍ਰਾਪਤ ਕਾਲਜਾਂ' ਨੂੰ ਸੁਤੰਤਰ ਡਿਗਰੀ ਦੇਣ ਲਈ ਸਹਾਇਤਾ ਦਿੱਤੀ ਜਾਏਗੀ ਅਤੇ ‘ਮਾਨਤਾ ਪ੍ਰਦਾਨ ਕਰਨ ਵਾਲੀਆਂ ਯੂਨੀਵਰਸਿਟੀਆਂ'(affiliating universities)ਵਿਸਤ੍ਰਿਤ ਬਹੁ-ਵਿੱਦਿਅਕ ਸੰਸਥਾਵਾਂ ਦੇ ਤੌਰ ‘ਤੇ ਵਿਕਸਤ ਹੋਣਗੀਆਂ ।

c. ਨਿਜੀ ਅਤੇ ਜਨਤਕ ਸੰਸਥਾਨ ਨੂੰ ਨਿਯਮਾਂ ਅਨੁਸਾਰ ਸਮਾਨ ਮੰਨਿਆ ਜਾਵੇਗਾ। ਸਿੱਖਿਆ ਦੇ ਵਪਾਰੀਕਰਨ ਨੂੰ ਰੋਕ ਦਿੱਤਾ ਜਾਵੇਗਾ, ਅਤੇ ਪਰਉਪਕਾਰ ਦੀਆਂ ਕੋਸ਼ਿਸ਼ਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ।

d. **ਸਵਾਧੀਨਤਾ ਇਸਦੀ ਸੰਸਕ੍ਰਿਤੀ**, ਸੰਰਚਨਾ ਅਤੇ ਵਿਧੀ ਇਸ ਪ੍ਰਣਾਲੀ ਵਿੱਚ ਜਾਰੀ ਰਹੇਗੀ।ਫੈਕਲਟੀ ਕੋਲ ਅਕਾਦਮਿਕ ਆਜ਼ਾਦੀ ਅਤੇ ਪਾਠਕ੍ਰਮ ਦੀ ਸਮਰੱਥਾ ਹੋਵੇਗੀ, ਜਿਸ ਵਿੱਚ ਵਿਦਿਅਕ ਪਹੁੰਚਾਂ, ਵਿਦਿਆਰਥੀ ਮੁਲਾਂਕਣ ਅਤੇ ਖੋਜ ਸ਼ਾਮਲ ਹੋਣਗੇ।ਸੰਸਥਾਨਾਂ ਕੋਲ ਪ੍ਰਸ਼ਾਸਨਿਕ ਅਤੇ ਅਕਾਦਮਿਕ ਸਵਾਧੀਨਤਾ ਹੋਵੇਗੀ। ਇਸ ਵਿੱਚ ਪ੍ਰੋਗਰਾਮਾਂ ਨੂੰ ਆਰੰਭ ਕਰਨਾ ਅਤੇ ਚਲਾਉਣਾ, ਪਾਠਕ੍ਰਮ ਦਾ ਫੈਸਲਾ ਕਰਨਾ, ਵਿਦਿਆਰਥੀ ਦੀ ਸਮਰੱਥਾ ਨਿਰਧਾਰਿਤ ਕਰਨਾ, ਸਰੋਤ ਦੀਆਂ ਲੋੜਾਂ ਨੂੰ ਨਿਸ਼ਚਿਤ ਕਰਨਾ ਅਤੇ ਪ੍ਰਸ਼ਾਸਨ ਅਤੇ ਲੋਕ ਪ੍ਰਬੰਧਨ ਪ੍ਰਣਾਲੀਆਂ ਸਮੇਤ ਆਪਣੀਆਂ ਅੰਦਰੂਨੀ ਪ੍ਰਣਾਲੀਆਂ ਦਾ ਵਿਕਾਸ ਕਰਨ ਦੀ ਆਜ਼ਾਦੀ ਸ਼ਾਮਲ ਹੋਵੇਗੀ। ਉੱਚ ਸਿੱਖਿਆ ਸੰਸਥਾਨਾਂ ਸੱਚਮੁੱਚ ਸਵਾਧੀਨ, ਸੁਤੰਤਰ ਅਤੇ ਸਵੈ-ਪ੍ਰਬੰਧਕੀ ਸੰਸਥਾਵਾਂ ਵੱਜੋ ਵਿਕਸਤ ਕੀਤੀਆਂ ਜਾਣਗੀਆਂ।

## 6. ਨਿਯੰਤਰਕ ਪ੍ਰਣਾਲੀ ਦੀ ਰੂਪਾਂਤਰਨ

**ਉਦੇਸ਼:**ਉੱਚ ਸਿੱਖਿਆ ਵਿੱਚ ਉੱਤਮਤਾ ਅਤੇ ਜਨਤਕ ਉਤਸ਼ਾਹ ਲਈ ਪ੍ਰਭਾਵੀ, ਸਕਿਰਿਆ ਅਤੇ ਜਵਾਬਦੇਹੀ ਵਿਧਾਨ।

ਵਿਧਾਨ ਚੰਗੇ ਪ੍ਰਸ਼ਾਸਨ ਦੇ ਨਾਲ-ਨਾਲ ਜਨਤਕ ਉਤਸ਼ਾਹ, ਸਮਾਨਤਾ, ਉੱਤਮਤਾ, ਵਿੱਤੀ ਸਥਿਰਤਾ ਅਤੇ ਭਰੋਸੇ ਨੂੰ ਯਕੀਨੀ ਬਣਾਉਣ ਲਈ ਜਵਾਬਦੇਹ ਅਤੇ ਨਿਊਨਤਮਵਾਦੀ ਹੋਵੇਗਾ।

a. ਮਾਨਕ ਸੈਟਿੰਗ, ਵਿੱਤੀ ਸਹਾਇਤਾ, ਪ੍ਰਮਾਣੀਕਰਨ ਅਤੇ ਵਿਧਾਨ ਦੇ ਕੰਮ ਵੱਖਰੇ ਕੀਤੇ ਜਾਣਗੇ ਅਤੇ ਸੁਤੰਤਰ ਸੰਸਥਾਵਾਂ ਦੁਆਰਾ ਸੰਚਾਲਿਤ ਹੋਣਗੇ, ਤਾਂ ਜੋ ਕੇਂਦਰੀਕਰਨ ਦੀ ਸ਼ਕਤੀ ਅਤੇ ਸੁਆਰਥਾਂ ਦੇ ਸੰਘਰਸ਼ ਖ਼ਤਮ ਕੀਤੇ ਜਾ ਸਕਣ।

b. **ਰਾਸ਼ਟਰੀ ਉੱਚ-ਸਿੱਖਿਆ ਨਿਯੰਤਰਕ ਅਥਾਰਟੀ** ਪੇਸ਼ੇਵਰ ਸਿੱਖਿਆ ਸਮੇਤ ਸਾਰੀ ਉੱਚ ਸਿੱਖਿਆ ਲਈ ਇਕੋ ਇਕ ਨਿਯਮਕ ਹੋਵੇਗਾ, ਮੌਜੂਦਾ ਸਾਰੀਆਂ ਨਿਯੰਤਕ ਸੰਸਥਾਵਾਂ, ਪੇਸ਼ੇਵਰ ਮਾਪਦੰਡ ਨਿਰਧਾਰਿਤ ਕਰਨ ਵਾਲੀਆਂ ਸੰਸਥਾਵਾਂ ਵਿੱਚ ਰੂਪਾਂਤਿਰਤ ਹੋ ਜਾਣਗੀਆਂ।

c. ਮੌਜੂਦਾ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਬਦਲ ਕੇ ਉੱਚ ਸਿੱਖਿਆ ਗ੍ਰਾਂਟਸ ਕੌਂਸਲ ਹੋ ਜਾਵੇਗਾ।

d. ਜਨਰਲ ਸਿੱਖਿਆ ਕੌਂਸਲ ਦੀ ਸਥਾਪਨਾ ਕੀਤੀ ਜਾਵੇਗੀ, ਜੋ ਰਾਸ਼ਟਰੀ ਉੱਚ ਸਿੱਖਿਆ ਯੋਗਤਾ ਰੂਪਰੇਖਾ ਤਿਆਰ ਕਰੇਗੀ, ਜਿਸਦਾ ਕਾਰਜ 'ਗ੍ਰੈਜੂਏਟ ਵਿਸ਼ੇਸ਼ਤਾਵਾਂ', ਅਰਥਾਤ ਉੱਚ ਸਿੱਖਿਆ ਦੇ 'ਉਮੀਦ ਅਨੁਸਾਰ ਸਿੱਖਣ ਦੇ ਪਰਿਣਾਮ' ਤੈਅ ਕਰਨਾ ਹੋਵੇਗਾ।

e. **ਮੁੱਢਲੇ ਮਾਪਦੰਡ ਦੀ ਅਰੰਭਿਕ ਮਾਨਤਾ, ਵਿਧਾਨ ਪ੍ਰਣਾਲੀ ਦੇ ਆਧਾਰ' ਤੇ ਹੋਵੇਗੀ।** ਰਾਸ਼ਟਰੀ ਮੁਲਾਂਕਣ ਅਤੇ ਪ੍ਰਮਾਣੀਕਰਨ ਕੌਂਸਲ ਮੰਨਜ਼ੂਰੀ ਦੇਣ ਵਾਲੀਆਂ ਸੰਸਥਾਵਾਂ ਦਾ ਇਕ ਪਰਿਤੰਤਰ ਵਿਕਸਤ ਕਰੇਗੀ ਅਤੇ ਪ੍ਰਕਿਰਿਆ ਦੀ ਨਿਗਰਾਨੀ ਕਰੇਗੀ।

f. **ਉੱਚ ਸਿੱਖਿਆ ਦੀਆਂ ਪਬਲਿਕ ਅਤੇ ਪ੍ਰਾਈਵੇਟ ਸੰਸਥਾਵਾਂ** ਲਈ **ਇੱਕ ਸਾਂਝੀ ਨਿਯੰਤਰਕ ਪ੍ਰਣਾਲੀ** ਹੋਵੇਗੀ। **ਨਿੱਜੀ ਪਰਉਪਕਾਰੀ ਪਹਿਲ ਕਦਮੀਆਂ** ਨੂੰ ਉਤਸ਼ਾਹਿਤ ਕੀਤਾ ਜਾਵੇਗਾ।

g. ਰਾਜ ਉੱਚ ਸਿੱਖਿਆ ਵਿਭਾਗ ਇੱਕ ਨੀਤੀ ਪੱਧਰ ‘ਤੇ ਸ਼ਾਮਲ ਹੋਣਗੇ; ਰਾਜ ਉੱਚ ਸਿੱਖਿਆ ਕੌਂਸਿਲ ਸਹਿਕਰਮੀ ਸਹਾਇਤਾ ਅਤੇ ਸ੍ਰੇਸ਼ਠ ਅਭਿਆਸ ਸਾਂਝਾ ਕਰਨ ਦੀ ਸਹੂਲਤ ਪ੍ਰਦਾਨ ਕਰਨਗੇ।

# ਅਧਿਆਪਕ ਸਿੱਖਿਆ

## 1. ਅਧਿਆਪਕ ਦੀ ਸਖ਼ਤ ਤਿਆਰੀ

**ਉਦੇਸ਼:** ਵੱਖ-ਵੱਖ ਵਿਸ਼ਾ-ਖੇਤਰਾਂ ਵਾਲੇ ਕਾਲਜਾਂ ਅਤੇ ਯੂਨੀਵਰਸਿਟੀਆਂ ਨਾਲ ਜੋੜਕੇ, ਅਤੇ ਚਾਰ-ਸਾਲ ਦੀ ਸੰਗਠਿਤ ਬੈਚਲਰ ਡਿਗਰੀ ਨੂੰ ਸਾਰੇ ਸਕੂਲਾਂ ਦੇ ਅਧਿਆਪਕਾਂ ਲਈ ਘੱਟੋ-ਘੱਟ ਯੋਗਤਾ ਬਣਾਉਣ ਦੁਆਰਾ ਇਹ ਯਕੀਨੀ ਬਣਾਉਣਾ ਹੈ ਕਿ ਅਧਿਆਪਕਾਂ ਦੀ ਸਿੱਖਿਆ ਪ੍ਰਣਾਲੀ ਨੂੰ ਸਮੱਗਰੀ, ਅਧਿਆਪਕੀ ਅਤੇ ਅਭਿਆਸ ਵਿੱਚ ਉੱਚ ਗੁਣਵੱਤਾ ਵਾਲੀ ਸਿਖਲਾਈ ਦਿੱਤੀ ਜਾਵੇ।

ਅਧਿਆਪਨ ਇੱਕ ਨੈਤਿਕਤਾ ਅਤੇ ਬੌਧਿਕਤਾ ਦੀ ਮੰਗ ਕਰਨ ਵਾਲਾ ਪੇਸ਼ਾ ਹੈ। ਨਵੇਂ ਅਧਿਆਪਕਾਂ ਨੂੰ ਸਖ਼ਤ ਤਿਆਰੀ ਦੀ ਲੋੜ ਹੈ ਅਤੇ ਅਭਿਆਸ ਕਰਨ ਵਾਲੇ ਅਧਿਆਪਕਾਂ ਨੂੰ ਲਗਾਤਾਰ ਪੇਸ਼ੇਵਰ ਵਿਕਾਸ ਅਤੇ ਅਕਾਦਮਿਕ ਅਤੇ ਪੇਸ਼ੇਵਰ ਸਹਾਇਤਾ ਦੀ ਜ਼ਰੂਰਤ ਹੁੰਦੀ ਹੈ।

a. ਅਧਿਆਪਕਾਂ ਦੀ ਤਿਆਰੀ ਲਈ **4-ਸਾਲਾ ਏਕੀਕ੍ਰਿਤ ਬੈਚੁਲਰ ਆਫ਼ ਐਜੂਕੇਸ਼ਨ ਪ੍ਰੋਗਰਾਮ** ਬਹੁ-ਅਨੁਸ਼ਾਸਨਿਕ ਸੰਸਥਾਵਾਂ ਵਿੱਚ ਅਨੁਸ਼ਾਸਨੀ ਅਤੇ ਅਧਿਆਪਕਾਂ ਦੀ ਤਿਆਰੀ ਦੋਨਾਂ ਕੋਰਸਾਂ ਸਮੇਤ ਅਧਿਐਨ ਦੇ ਅੰਡਰਗ੍ਰੈਜੂਏਟ ਪ੍ਰੋਗਰਾਮ ਦੇ ਰੂਪ ਵਿੱਚ ਪੜ੍ਹਾਇਆ ਜਾਵੇਗਾ। ਇਹ ਇਕ ਪੜਾਅ-ਵਿਸ਼ੇਸ਼, ਵਿਸ਼ਾ-ਵਿਸ਼ੇਸ਼ ਪ੍ਰੋਗਰਾਮ ਹੋਵੇਗਾ ਜੋ ਅਧਿਆਪਕਾਂ ਨੂੰ ਆਰਟਸ ਅਤੇ ਖੇਡਾਂ ਸਮੇਤ ਉਨ੍ਹਾਂ ਸਾਰੇ ਪ੍ਰੋਗਰਾਮਾਂ ਲਈ ਜੋ ਕਿ ਵਿਵਸਾਇਕ ਸਿੱਖਿਆ ਜਾਂ ਵਿਸ਼ੇਸ਼ ਵਿਦਿਅਕ ਫੋਕਸ ਵਾਲੇ ਹਨ ਨੂੰ ਪ੍ਰੀ-ਸਕੂਲ ਤੋਂ ਲੈ ਕੇ ਸੈਕੰਡਰੀ ਪੜਾਅ (12ਵੀਂ ਜਮਾਤ) ਲਈ ਤਿਆਰ ਕਰੇਗਾ।

b. 4 ਸਾਲਾ B.Ed. ਡਿਗਰੀ ਹੋਰ ਅੰਡਰਗਰੈਜੂਏਟ ਡਿਗਰੀਆਂ ਦੇ ਬਰਾਬਰ ਹੋਵੇਗੀ ਅਤੇ 4-ਸਾਲਾ B.Ed.ਡਿਗਰੀਆਂ ਕਰਨ ਵਾਲੇ ਵਿਦਿਆਰਥੀ ਮਾਸਟਰ ਡਿਗਰੀ ਪ੍ਰੋਗਰਾਮ ਵਿੱਚ ਦਾਖ਼ਲਾ ਲੈਣ ਦੇ ਯੋਗ ਹੋਣਗੇ।

c. ਮੌਜੂਦਾ ਦੋ ਸਾਲਾਂ ਦਾ B.Ed. ਪ੍ਰੋਗਰਾਮ 2030 ਤਕ ਜਾਰੀ ਰਹੇਗਾ। 2030 ਤੋਂ ਬਾਅਦ, ਸਿਰਫ਼ ਉਹ ਸੰਸਥਾਵਾਂ ਜਿਹੜੀਆਂ 4-ਸਾਲ ਦੇ ਅਧਿਆਪਕ ਸਿੱਖਿਆ ਪ੍ਰੋਗਰਾਮ ਚਲਾ ਰਹੀਆਂ ਹਨ, ਉਹ ਹੀ 2-ਸਾਲ ਦੇ ਪ੍ਰੋਗਰਾਮ ਨੂੰ ਵੀ ਚਲਾਉਣ ਗਈਆਂ। ਇਹ ਪ੍ਰੋਗਰਾਮ ਉਹਨਾਂ ਲੋਕਾਂ ਲਈ ਹੋਵੇਗਾ ਜਿਹਨਾਂ ਨੇ ਗ੍ਰੈਜੂਏਟ ਦੀ ਡਿਗਰੀ ਪ੍ਰਾਪਤ ਕੀਤੀ ਹੋਈ ਹੈ।

d. 2030 ਦੇ ਬਾਅਦ ਹੋਰ ਕਿਸੇ ਕਿਸਮ ਦੀ ਪ੍ਰੀ-ਸਰਵਿਸ ਅਧਿਆਪਕਾਂ ਦੀ ਤਿਆਰੀ ਦੇ ਪ੍ਰੋਗਰਾਮ ਪੇਸ਼ ਨਹੀਂ ਕੀਤੇ ਜਾਣਗੇ।

e. ਅਧਿਆਪਕਾਂ ਦੀ ਸਿੱਖਿਆ ਬਹੁ-ਵਿਸ਼ਾ ਸੰਸਥਾਵਾਂ ਦੁਆਰਾ ਹੀ ਪ੍ਰਦਾਨ ਕੀਤੀ ਜਾਏਗੀ। ਚੰਗੀ ਪ੍ਰੀ-ਸਰਵਿਸ ਟੀਚਰ ਦੀ ਤਿਆਰੀ ਲਈ ਸਿੱਖਿਆ ਦੇ ਦ੍ਰਿਸ਼ਟੀਕੋਣਾਂ, ਵਿਸ਼ਿਸ਼ਟ ਅਤੇ ਅਧਿਆਪਨ ਦੀ ਸਖ਼ਤ ਸਿਧਾਂਤਕ ਸਮਝ ਲਈ ਮਜ਼ਬੂਤ ਥਿਊਰੀ ਪ੍ਰੈਕਟਿਸ ਨਾਲ ਜੁੜੇ ਵਿਸ਼ਿਆਂ ਵਿੱਚ ਮੁਹਾਰਤ ਦੀ ਲੋੜ ਹੈ। ਇਹ ਸਿੱਖਿਆ ਦੇ ਮੁੱਖ ਖੇਤਰਾਂ ਵਿੱਚ ਮਾਹਰਾਂ ਦੀ ਇੱਕ ਰੇਂਜ ਦੀ ਉਪਲਬਧਤਾ ਅਤੇ ਸਕੂਲਾਂ ਦੇ ਨੈਟਵਰਕ ਨਾਲ ਸਾਰੇ ਹੋਰ ਸਕੂਲ ਦੇ ਵਿਸ਼ਿਆਂ ਦੀ ਮੰਗ ਕਰਦਾ ਹੈ।

f. ਗ਼ੈਰ-ਮਿਆਰੀ ਅਤੇ ਠੀਕ ਕੰਮ ਨਾ ਕਰਨ ਵਾਲੀਆਂ ਅਧਿਆਪਕ ਸਿੱਖਿਆ ਸੰਸਥਾਵਾਂ ਬੰਦ ਕੀਤੀਆਂ ਜਾਣਗੀਆਂ।

# ਪੇਸ਼ਾਵਰ ਸਿੱਖਿਆ

## 1. ਉੱਚ ਸਿੱਖਿਆ ਨੂੰ ਪੇਸ਼ਾਵਰ ਸਿੱਖਿਆ ਨਾਲ ਪੁਨਰ-ਏਕੀਕਰਨ ਕਰਨਾ, ਪੇਸ਼ਾਵਰ ਸਿੱਖਿਆ ਨੂੰ ਮੁੜ ਸੁਰਜੀਤ ਕਰਨਾ

**ਉਦੇਸ਼:** ਪੇਸ਼ਾਵਰਾਂ ਦੀ ਤਿਆਰੀ ਲਈ ਇੱਕ ਸੰਪੂਰਨ ਪਹੁੰਚ ਬਣਾਉਣ ਦੀ ਲੋੜ ਹੈ ਅਤੇ 21 ਵੀਂ ਸਦੀ ਦੇ ਹੁਨਰਾਂ, ਵਿਆਪਕ ਆਧਾਰਤ ਮੁਹਾਰਤਾਂ, ਸਮਾਜਿਕ-ਮਨੁੱਖੀ ਸੰਦਰਭਾਂ ਦੀ ਸਮਝ, ਇੱਕ ਮਜ਼ਬੂਤ ਨੈਤਿਕਤਾ ਤੋਂ ਇਲਾਵਾ ਉੱਚ-ਗੁਣਵੱਤਾ ਪੇਸ਼ੇਵਰਾਨਾ ਸਮਰੱਥਾ ਨੂੰ ਯਕੀਨੀ ਬਣਾਇਆ ਜਾ ਸਕੇ।

ਪੇਸ਼ਾਵਰਾਂ ਦੀ ਤਿਆਰੀ ਲਈ ਨੈਤਿਕ ਸਿੱਖਿਆ, ਜਨਤਕ ਉਦੇਸ਼ਾਂ ਦੀ ਮਹੱਤਤਾ, ਵਿਸ਼ਾ-ਖੇਤਰ ਦੀ ਸਿੱਖਿਆ ਅਤੇ ਅਭਿਆਸ ਲਈ ਸਿੱਖਿਆ ਸ਼ਾਮਲ ਹੋਣੀ ਚਾਹੀਦੀ ਹੈ- ਇਸ ਨੂੰ ਸੰਭਵ ਬਣਾਉਂਣ ਲਈ ਪੇਸ਼ੇਵਰ ਸਿੱਖਿਆ ਨੂੰ ਕਿਸੇ ਵੱਖਰੇ ਵਿਭਾਗ ਵਿੱਚ ਨਹੀਂ ਹੋਣਾ ਚਾਹੀਦਾ।

a. ਪੇਸ਼ੇਵਰ ਸਿੱਖਿਆ **ਸਮੁੱਚੀ ਉੱਚ-ਸਿੱਖਿਆ ਪ੍ਰਣਾਲੀ ਦਾ ਇਕ ਅਨਿੱਖੜਵਾਂ ਹਿੱਸਾ** ਹੋਵੇਗੀ। ਇਕ-ਵਿਭਾਗੀ ਤਕਨੀਕੀ ਯੂਨੀਵਰਸਿਟੀਆਂ ਉਦਾਹਰਣ ਦੇ ਤੌਰ 'ਤੇ ਸਿਹਤ ਵਿਗਿਆਨ ਦੀਆਂ ਯੂਨੀਵਰਸਿਟੀਆਂ, ਕਾਨੂੰਨੀ ਅਤੇ ਖੇਤੀਬਾੜੀ ਯੂਨੀਵਰਸਿਟੀਆਂ ਅਤੇ ਇਸ ਪ੍ਰਕਾਰ ਦੇ ਹੋਰਨਾਂ ਖੇਤਰਾਂ ਵਿੱਚ ਕੰਮ ਕਰਨ ਵਾਲੀਆਂ ਸੰਸਥਾਵਾਂ ਦੀ ਪ੍ਰਥਾ ਨੂੰ ਬੰਦ ਕਰ ਦਿੱਤਾ ਜਾਵੇਗਾ। ਪੇਸ਼ੇਵਰ ਜਾਂ ਆਮ ਸਿੱਖਿਆ ਪ੍ਰਦਾਨ ਕਰਨ ਵਾਲੀਆਂ ਸਾਰੀਆਂ ਸੰਸਥਾਵਾਂ ਨੂੰ ਵਿਕਾਸ ਕਰਦੇ ਹੋਏ ਦੋਨੋ ਪ੍ਰਕਾਰ ਦੀ ਸਿੱਖਿਆ ਨੂੰ ਲਾਜ਼ਮੀ ਤੌਰ 'ਤੇ 2030 ਤੱਕ ਪੜ੍ਹਾਉਣਾ ਹੋਏਗਾ।

b. ਖੇਤੀਬਾੜੀ ਸਿੱਖਿਆ ਨੂੰ ਸੰਬੰਧਿਤ ਵਿਸ਼ਿਆਂ ਦੇ ਨਾਲ ਮੁੜ ਸੁਰਜੀਤ ਕੀਤਾ ਜਾਵੇਗਾ। ਹਾਲਾਂਕਿ ਖੇਤੀਬਾੜੀ ਯੂਨੀਵਰਸਿਟੀਆਂ ਦੇਸ਼ ਦੀਆਂ ਸਾਰੀਆਂ ਯੂਨੀਵਰਸਿਟੀਆਂ ਦਾ ਲਗਭਗ 9% ਭਾਗ ਹਨ, ਪਰੰਤੂ ਉੱਚ-ਸਿੱਖਿਆ ਵਿੱਚ ਦਾਖਲੇ ਲੈਣ ਵਾਲਿਆਂ ਵਿਚੋ ਕੇਵਲ 1% ਤੋਂ ਘੱਟ ਇਹਨਾਂ ਯੂਨੀਵਰਸਿਟੀਆਂ ਵਿੱਚ ਦਾਖ਼ਲਾ ਲੈਂਦੇ ਹਨ। ਬਿਹਤਰ ਹੁਨਰੀ ਗ੍ਰੈਜੂਏਟ ਅਤੇ ਤਕਨੀਸ਼ੀਅਨ, ਨਵੀਨ ਖੋਜ ਅਤੇ ਟੈਕਨਾਲੋਜੀ ਅਤੇ ਕਾਰਜ ਪ੍ਰਣਾਲੀ ਨਾਲ ਜੋੜਣ ਵਾਲੀ ਮਾਰਕੀਟ-ਅਧਾਰਿਤ ਵਿਸਤਾਰ ਦੇ ਜ਼ਰੀਏ ਖੇਤੀਬਾੜੀ ਉਤਪਾਦਨ ਨੂੰ ਵਧਾਉਣ ਲਈ ਖੇਤੀਬਾੜੀ ਅਤੇ ਸੰਬੰਧਿਤ ਸਿੱਖਿਆਵਾਂ ਦੀ ਸਮਰੱਥਾ ਅਤੇ ਗੁਣਵੱਤਾ ਦੋਵਾਂ ਵਿੱਚ ਸੁਧਾਰ ਕੀਤਾ ਜਾਣਾ ਚਾਹੀਦਾ ਹੈ। ਆਮ ਸਿੱਖਿਆ ਨਾਲ ਜੁੜੇ ਪ੍ਰੋਗਰਾਮਾਂ ਦੁਆਰਾ ਖੇਤੀਬਾੜੀ ਅਤੇ ਵੈਟਰਨਰੀ ਸਾਇੰਸ (veterinarysciences) ਦੇ ਪੇਸ਼ੇਵਰ ਤਿਆਰ ਕਰਨ ਦੀ **ਸਮਰੱਥਾ** ਵਿੱਚ ਤੇਜ਼ੀ ਨਾਲ ਵਾਧਾ ਹੋਵੇਗਾ। ਖੇਤੀਬਾੜੀ ਸਿੱਖਿਆ ਦੇ ਪੂਰੇ ਡਿਜ਼ਾਇਨ ਨੂੰ ਬਦਲਣ ਲਈ ਪੇਸ਼ਾਵਰਾਂ ਨੂੰ ਸਥਾਨਕ ਗਿਆਨ, ਰਵਾਇਤੀ ਗਿਆਨ ਅਤੇ ਉਭਰਦੀਆਂ ਨਵੀਆਂ ਤਕਨੀਕਾਂ ਨੂੰ ਸਮਝਣ ਅਤੇ ਵਰਤਣ ਦੀ ਸਮਰੱਥਾ ਰੱਖਣ ਵਾਲੇ ਪੇਸ਼ੇਵਰ ਵਿਅਕਤੀ ਤਿਆਰ ਕੀਤੇ ਜਾ ਸਕਣ ਜੋ ਗੰਭੀਰ ਮੁੱਦੇ ਜਿਵੇਂ ਕਿ ਜ਼ਮੀਨੀ ਉਤਪਾਦਕਤਾ ਦੀ ਕਮੀ, ਜਲਵਾਯੂ ਤਬਦੀਲੀ, ਵਧਦੀ ਆਬਾਦੀ ਲਈ ਖੁਰਾਕ ਦੀ ਅਨੁਕੂਲ ਸਪਲਾਈ ਆਦਿ ਵਰਗੀਆਂ ਮਹੱਤਵਪੂਰਣ ਮੁੱਦਿਆਂ ਦੇ ਜਾਣੂ ਹੋਣ। ਖੇਤੀਬਾੜੀ ਸਿੱਖਿਆ ਦੇਣ ਵਾਲੀਆਂ ਸੰਸਥਾਵਾਂ ਨੂੰ ਸਿੱਧੇ ਤੌਰ 'ਤੇ ਸਥਾਨਕ ਕਮਿਉਨਿਟੀ ਨੂੰ ਫਾਇਦਾ ਪਹੁੰਚਾਉਣਾ ਚਾਹੀਦਾ ਹੈ। ਟੈਕਨਾਲੋਜੀ ਨੂੰ ਪ੍ਰਫੁੱਲਤ ਕਰਨ ਅਤੇ ਪ੍ਰਸਾਰਣ ਨੂੰ ਉਤਸ਼ਾਹਤ ਕਰਨ ਲਈ ਖੇਤੀਬਾੜੀ ਟੈਕਨਾਲੋਜੀ ਪਾਰਕ ਸਥਾਪਤ ਕੀਤੇ ਜਾਣੇ ਚਾਹੀਦੇ ਹਨ।

**c.** **ਕਾਨੂੰਨੀ ਸਿੱਖਿਆ** ਦੇ ਪ੍ਰੋਗ੍ਰਾਮਾਂ ਨੂੰ ਪੁਨਰਗਠਨ ਕੀਤਾ ਜਾਵੇਗਾ। ਵਧੀਆ ਪ੍ਰਥਾਵਾਂ ਨੂੰ ਅਪਣਾਉਂਦੇ ਹੋਏ ਅਤੇ ਨਿਆਂ ਤੱਕ ਵੱਧ ਤੋਂ ਵੱਧ ਪਹੁੰਚ ਅਤੇ ਸਮੇਂ ਸਿਰ ਨਿਆਂ ਦੇਣ ਲਈ ਟੈਕਨਾਲੋਜੀ ਦੀਆਂ ਨਵੀਂਆਂ ਤਕਨੀਕਾਂ ਨੂੰ ਅਪਣਾਇਆ ਜਾਏ। ਕਾਨੂੰਨ ਦੀ ਪੇਸ਼ੇਵਰਾਨਾ ਸਿੱਖਿਆ ਵਿਸ਼ਵ ਪੱਧਰ 'ਤੇ ਪ੍ਰਤੀਯੋਗੀ ਹੋਣੀ ਚਾਹੀਦੀ ਹੈ, ਇਸ ਦੇ ਨਾਲ-ਨਾਲ, ਇਸ ਨੂੰ ਸਮਾਜਿਕ, ਆਰਥਿਕ, ਰਾਜਨੀਤਕ ਨਿਆਂ ਦੇ ਸੰਵਿਧਾਨਕ ਮੁੱਲਾਂ ਦੁਆਰਾ ਸੂਚਿਤ ਅਤੇ ਪ੍ਰਕਾਸ਼ਮਾਨ ਹੋਣ ਤੋਂ ਇਲਾਵਾ ਲੋਕਤੰਤਰ, ਕਾਨੂੰਨ ਦੇ ਰਾਜ ਅਤੇ ਮਨੁੱਖੀ ਅਧਿਕਾਰਾਂ ਦੇ ਸਾਧਨਾਂ ਰਾਹੀਂ ਰਾਸ਼ਟਰੀ ਪੁਨਰ ਨਿਰਮਾਣ ਵੱਲ ਨਿਰਦੇਸ਼ਿਤ ਕੀਤਾ ਜਾਣਾ ਚਾਹੀਦਾ ਹੈ। ਕਾਨੂੰਨੀ ਅਧਿਐਨਾਂ ਲਈ ਪਾਠਕ੍ਰਮ ਇਕ ਸਬੂਤ-ਆਧਾਰਿਤ ਢੰਗ ਨਾਲ, ਕਾਨੂੰਨੀ ਸੋਚ ਦਾ ਇਤਿਹਾਸ, ਨਿਆਂ ਦੇ ਸਿਧਾਂਤ, ਨਿਆਂ ਸ਼ਾਸਤਰ ਦੀ ਪ੍ਰਥਾ ਅਤੇ ਹੋਰ ਸੰਬੰਧਿਤ ਸਮਗਰੀ ਦੇ ਨਾਲ-ਨਾਲ ਢੁਕਵੇਂ ਅਤੇ ਢੁਕਵੇਂ ਰੂਪ ਵਿੱਚ ਸਮਾਜਿਕ-ਸੱਭਿਆਚਾਰਕ ਪ੍ਰਸੰਗਾਂ ਦੀ ਨੁਮਾਇੰਦਗੀ ਕਰਨੀ ਚਾਹੀਦੀ ਹੈ।

ਕਾਨੂੰਨ ਦੀ ਸਿੱਖਿਆ ਦੀ ਪੇਸ਼ਕਸ਼ ਕਰਨ ਵਾਲੀਆਂ ਰਾਜ ਪੱਧਰੀ ਸੰਸਥਾਵਾਂ ਨੂੰ ਭਵਿੱਖ ਦੇ ਵਕੀਲਾਂ ਅਤੇ ਜੱਜਾਂ ਲਈ **ਦੋਭਾਸ਼ੀ ਸਿੱਖਿਆ** ਦੇਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ- ਅੰਗਰੇਜ਼ੀ ਵਿੱਚ ਅਤੇ ਇਸ ਰਾਜ ਦੀ ਭਾਸ਼ਾ ਵਿੱਚ ਵੀ ਜਿਸ ਵਿੱਚ ਕਾਨੂੰਨੀ ਪ੍ਰੋਗਰਾਮ ਦੀ ਸਿੱਖਿਆ ਦਿੱਤੀ ਜਾ ਰਹੀ ਹੈ। ਇਸ ਦਾ ਮੰਤਵ ਅਨੁਵਾਦ ਦੀ ਲੋੜ ਦੇ ਨਤੀਜੇ ਵਜੋਂ ਕਾਨੂੰਨੀ ਫੈਸਲਿਆਂ ਵਿੱਚ ਹੋਣ ਵਾਲੀ ਦੇਰੀ ਨੂੰ ਘਟਾਉਣਾ ਹੈ।

**d.** ਸਹਿਤ ਸੰਭਾਲ ਸਿੱਖਿਆ ਨੂੰ ਮੁੜ ਵਿਚਾਰਿਆ ਜਾਏਗਾ, ਇੰਞ ਕਿ ਵਿਦਿਅਕ ਪ੍ਰੋਗਰਾਮਾਂ ਦੀ ਅਵਧੀ, ਢਾਂਚਾ ਅਤੇ ਰੂਪ-ਰੇਖਾ ਇਸ ਪ੍ਰਕਾਰ ਦੀ ਹੋਵੇ ਕਿ ਜਿਸ ਦੇ ਅਨੁਸਾਰ ਉਹਨਾਂ ਲੋਕਾਂ ਨੂੰ ਆਪਣੀਆਂ ਭੂਮਿਕਾਵਾਂ ਨਿਭਾਉਣੀਆਂ ਹਨ। ਉਦਾਹਰਣ ਦੇ ਤੌਰ 'ਤੇ, ਹਰੇਕ ਸਿਹਤ ਦੇਖਭਾਲ ਪ੍ਰਕਿਰਿਆ/ਦਖਲ-ਅੰਦਾਜ਼ੀ (ਜਿਵੇਂ ਇਕ ਈਸੀਜੀ ਨੂੰ ਪੜ੍ਹਨਾ/ਪੜ੍ਹਨਾ) ਨੂੰ ਪੂਰੀ ਤਰ੍ਹਾਂ ਯੋਗਤਾ ਪ੍ਰਾਪਤ ਡਾਕਟਰ ਦੀ ਜ਼ਰੂਰਤ ਨਹੀਂ ਹੈ। ਸਾਰੇ ਐੱਮ.ਬੀ.ਬੀ.ਐਸ. ਗ੍ਰੈਜੂਏਟਾਂ ਨੂੰ: (i) ਮੈਡੀਕਲ ਮੁਹਾਰਤਾਂ (ii) ਨਿਦਾਨ ਸੰਬੰਧੀ (ਡਾਇਗਨੋਸਟਿਕ) ਮੁਹਾਰਤਾਂ (iii) ਸਰਜੀਕਲ ਮੁਹਾਰਤਾਂ ਅਤੇ(iv) ਐਮਰਜੈਂਸੀ ਮੁਹਾਰਤਾਂ ਨਾਲ ਲੈਸ ਹੋਣਾ ਚਾਹੀਦਾ ਹੈ। ਮੁੱਢਲੇ ਤੌਰ 'ਤੇ ਪ੍ਰਾਇਮਰੀ ਦੇਖਭਾਲ ਅਤੇ ਸੈਕੰਡਰੀ ਹਸਪਤਾਲਾਂ ਵਿੱਚ ਕੰਮ ਕਰਨ ਲਈ ਲੋੜੀਂਦੇ ਹੁਨਰਾਂ ਲਈ ਵਿਦਿਆਰਥੀਆਂ ਦਾ ਮੁਲਾਂਕਣ ਮੁੱਖ ਤੌਰ 'ਤੇ ਚੰਗੀ ਤਰ੍ਹਾਂ ਪਰਿਭਾਸ਼ਿਤ ਮਾਪਦੰਡਾਂ 'ਤੇ ਨਿਯਮਤ ਅੰਤਰਾਲਾਂ' 'ਤੇ ਕੀਤਾ ਜਾਵੇਗਾ। ਐਮਬੀਬੀਐਸ ਦੇ ਪਹਿਲੇ ਇਕ ਜਾਂ ਦੋ ਸਾਲਾਂ ਦੇ ਕੋਰਸ ਨੂੰ ਸਾਰੇ ਸਾਇੰਸ ਗ੍ਰੈਜੂਏਟਾਂ ਲਈ ਇਕ ਸਾਂਝੇ ਕੋਰਸ ਦੇ ਰੂਪ ਵਿੱਚ ਤਿਆਰ ਕੀਤਾ ਜਾਵੇਗਾ, ਜਿਸ ਤੋਂ ਬਾਅਦ ਉਹ ਐਮਬੀਬੀਐਸ, ਬੀਡੀਐਸ, ਨਰਸਿੰਗ ਜਾਂ ਹੋਰ ਵਿਸ਼ੇਸ਼ ਮੁਹਾਰਤਾਂ ਹਾਸਲ ਕਰ ਸਕਣਗੇ। ਹੋਰ ਡਾਕਟਰੀ ਵਿਸ਼ੇ ਜਿਵੇਂ ਕਿ ਨਰਸਿੰਗ, ਡੈਂਟਲ ਆਦਿ ਦੇ ਗ੍ਰੈਜੂਏਟ ਨੂੰ ਵੀ ਐਮਬੀਬੀਐਸ ਕੋਰਸ ਵਿੱਚ ਲੈਟਰਲ ਦਾਖ਼ਲੇ ਦੀ ਇਜਾਜ਼ਤ ਦਿੱਤੀ ਜਾਵੇਗੀ: ਇਕ ਡਾਕਟਰੀ ਸਿੱਖਿਆ ਯੋਗਤਾ ਢਾਂਚਾ ਇਸ ਦੀ ਸਹੂਲਤ ਦੇਵੇਗਾ। ਨਰਸਿੰਗ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਕੀਤਾ ਜਾਵੇਗਾ; ਨਰਸਿੰਗ ਅਤੇ ਹੋਰ ਸਬ-ਸਟ੍ਰੀਮਾਂ ਲਈ ਇਕ ਕੌਮੀ ਮਾਨਤਾ ਵਾਲੀ ਸੰਸਥਾ ਬਣਾਈ ਜਾਵੇਗੀ। ਇਹ ਇਸ ਸੰਦਰਭ ਵਿੱਚ ਹੈ ਕਿ ਸਾਡੇ ਲੋਕ ਸਿਹਤ ਸੰਭਾਲ ਵਿੱਚ ਬਹੁਲਵਾਦ ਦੀ ਚੋਣ ਕਰਦੇ ਹਨ, ਸਾਡੀ ਹੈਲਥਕੇਅਰ ਸਿੱਖਿਆ ਪ੍ਰਣਾਲੀ ਇਕਸਾਰਤਾਪੂਰਨ ਹੋਣੀ ਚਾਹੀਦੀ ਹੈ- ਇਸਦਾ ਅਰਥ ਇਹ ਹੋਵੇਗਾ ਕਿ, ਐਲਪੋਥਿਕ ਮੈਡੀਕਲ ਸਿੱਖਿਆ ਦੇ

ਸਾਰੇ ਵਿਦਿਆਰਥੀਆਂ ਨੂੰ ਆਯੁਰਵੈਦਿਕ, ਯੋਗਾ ਅਤੇ ਨੈਚਰੋਪੈਥੀ, ਯੂਨਾਨੀ, ਸਿੱਧਾ ਅਤੇ ਹੋਮੀਓਪੈਥੀ (AYUSH) ਦੀ ਇੱਕ ਬੁਨਿਆਦੀ ਸਮਝ ਹੋਣੀ ਚਾਹੀਦੀ ਹੈ। ਇੰਝ ਸਾਰਿਆਂ ਨੂੰ ਦੂਜੇ ਵਿਭਾਗਾਂ ਬਾਰੇ ਵੀ ਜਾਣਕਾਰੀ ਹੋਣੀ ਚਾਹੀਦੀ ਹੈ। ਸਾਰੀ ਸਿਹਤ-ਸੰਭਾਲ ਸਿੱਖਿਆ ਵਿੱਚ ਨਿਵਾਰਕ ਸਿਹਤ-ਸੰਭਾਲ ਅਤੇ ਕਮਿਊਨਿਟੀ ਦਵਾਈ 'ਤੇ ਬਹੁਤ ਜ਼ਿਆਦਾ ਜ਼ੋਰ ਦਿੱਤਾ ਜਾਵੇਗਾ।

**e.** ਤਕਨੀਕੀ ਸਿੱਖਿਆ ਨੂੰ ਖਾਸ ਚੁਣੌਤੀਆਂ ਦਾ ਸਾਹਮਣਾ ਹੈ ਕਿਉਂਕਿ ਇਹ ਵਿਸ਼ੇ ਨਾ ਤਾਂ ਪੂਰੀ ਤਰ੍ਹਾਂ ਗਿਆਨ ਆਧਾਰਿਤ ਨਹੀਂ ਹਨ ਅਤੇ ਨਾ ਹੀ ਉਹ ਪੂਰੀ ਤਰ੍ਹਾਂ ਹੁਨਰ ਆਧਾਰਿਤ ਹਨ। ਇਸ ਤੋਂ ਇਲਾਵਾ, ਜਿਵੇਂ ਕਿ ਸਾਰੇ ਮਨੁੱਖੀ ਯਤਨਾਂ ਉੱਤੇ ਟੈਕਨਾਲੋਜੀ ਦਾ ਪ੍ਰਭਾਵ ਵਧ ਰਿਹਾ ਹੈ, ਇਸ ਲਈ ਤਕਨੀਕੀ ਸਿੱਖਿਆ ਅਤੇ ਹੋਰ ਵਿਸ਼ਿਆਂ ਵਿਚਲੇ ਪਾੜ ਦੇ ਘਟਣ ਦੀ ਪੂਰਨ ਸੰਭਾਵਨਾ ਹੈ। ਅੱਗੇ ਵੱਧਦੇ ਹੋਏ, ਨਾ ਸਿਰਫ ਇਹਨਾਂ ਖੇਤਰਾਂ ਵਿੱਚ ਚੰਗੇ-ਹੁਨਰਮੰਦ ਵਿਅਕਤੀਆਂ ਦੀ ਕਈ ਦਹਾਕਿਆਂ ਤੱਕ ਮੰਗ ਜਾਰੀ ਰਹੇਗੀ, ਸਗੋਂ ਕਾਢ ਅਤੇ ਖੋਜ ਲਈ ਉਦਯੋਗ ਅਤੇ ਸੰਸਥਾਵਾਂ ਵਿਚਕਾਰ ਡੂੰਘੀ ਨੇੜਤਾ ਦੀ ਵੱਡੀ ਲੋੜ ਵੱਧਦੀ ਜਾਵੇਗੀ। ਇੰਜੀਨੀਅਰਿੰਗ ਅਤੇ ਟੈਕਨਾਲੋਜੀ ਦੇ **ਪ੍ਰੋਗਰਾਮਾਂ ਨੂੰ ਮੁੜ ਸੋਧਿਆ ਜਾਵੇਗਾ** ਤਾਂ ਜੋ ਅਜਿਹੇ ਪੇਸ਼ੇਵਰ ਤਿਆਰ ਹੋ ਸਕਣ ਜੋ ਵਰਤਮਾਨ ਅਤੇ ਭਵਿੱਖ ਦੀ ਦੋਵਾਂ ਪ੍ਰਣਾਲੀਆਂ ਲਈ ਚੰਗੀ ਤਰ੍ਹਾਂ ਤਿਆਰ ਹੋਣ, ਅਤੇ ਇਹ ਲੋਕ ਉਭਰ ਰਹੇ ਵਿਗਿਆਨ ਅਤੇ ਟੈਕਨਾਲੋਜੀ ਨੂੰ ਵਰਤਣ ਦੇ ਸਮਰੱਥ ਹੋਣਗੇ ਇਸ ਦੇ ਨਾਲ ਨਾਲ ਬਦਲਦੇ ਸਮਾਜਿਕ-ਆਰਥਿਕ ਅਤੇ ਵਾਤਾਵਰਣ ਦੇ ਸੰਦਰਭ ਬਦਲਣ ਲਈ ਜਵਾਬਦੇਹ ਹੋਣਗੇ। ਵਿਦਿਆਰਥੀਆਂ ਨੂੰ ਆਪਣੇ ਗਿਆਨ ਅਤੇ ਹੁਨਰ ਵੱਖਰੇ ਵੱਖਰੇ, ਅਕਸਰ ਅਣਜਾਣ, ਸਥਾਪਨ ਅਤੇ ਪੇਸ਼ੇਵਰ ਵਿਹਾਰਾਂ ਅਤੇ ਨੈਤਿਕਤਾ ਨੂੰ ਲਾਗੂ ਕਰਨ ਦੀ ਸਮਰੱਥਾ ਵਿੱਚ ਵਿਕਸਤ ਕਰਨ ਲਈ ਪਾਠਕ੍ਰਮ ਦਾ ਨਵੀਨੀਕਰਨ ਕੀਤਾ ਜਾਏਗਾ। ਨਵੇਂ ਅਤੇ ਉਭਰ ਰਹੇ ਵਿਸ਼ੇ ਜਿਵੇਂ ਕਿ ਬਣਾਉਟੀ ਮਸ਼ੀਨੀ ਬੁੱਧੀ (artificial intelligence) ਵੱਡੇ ਡੇਟਾ ਦਾ ਵਿਸ਼ਲੇਸ਼ਣ ਆਦਿ ਦੀ ਤਾੜਣਾ ਕੀਤੀ ਜਾਏਗੀ।

ਅਦਾਰਿਆਂ ਦੀ ਰਸਮੀ ਮਾਨਤਾ/ਦਰਜਾਬੰਦੀ, ਉਦਯੋਗ, ਉਦਯੋਗ ਦਾ ਅਨੁਭਵ ਰੱਖਣ ਵਾਲੇ ਮਾਹਰਾਂ ਦੇ ਨਾਲ **ਵਧੀਆ ਮਿਲਵਰਤਣ** ਅਤੇ ਵੱਧਦੇ ਹੋਏ ਇੰਟਰਨਸ਼ਿਪ ਦੇ ਮੌਕਿਆਂ ਆਦਿ ਨੂੰ **ਉਤਸ਼ਾਹਿਤ** ਕਰੇਗੀ।

# ਰਾਸ਼ਟਰੀ ਖੋਜ ਫਾਉਂਡੇਸ਼ਨ

## 1. ਉੱਚ-ਗੁਣਵਤਾ ਵਾਲੀ ਅਕਾਦਮਿਕ ਖੋਜ ਨੂੰ ਉਤਸ਼ਾਹਿਤ ਕਰਨਾ

**ਉਦੇਸ਼:** ਦੇਸ਼ ਭਰ ਵਿੱਚ ਸਾਰੇ ਅਕਾਦਮਿਕ ਵਿਸ਼ਿਆਂ ਵਿੱਚ ਖੋਜ ਅਤੇ ਨਵੀਨਤਾ ਲਿਆਉਣਾ ਅਤੇ ਉਤਸ਼ਾਹਿਤ ਕਰਨਾ, ਨਾਲ ਹੀ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਖੋਜ ਨੂੰ ਆਰੰਭ ਕਰਨਾ ਅਤੇ ਵਧਾਉਣ ਲਈ ਵਿਸ਼ੇਸ਼ ਧਿਆਨ ਦੇਣਾ- ਪ੍ਰਤੀਯੋਗੀ ਪੀਅਰ ਦੁਆਰਾ ਸਮੀਖਿਆ ਕੀਤੀ ਜਾਣ ਵਾਲੀ ਵਿੱਤੀ ਸਹਾਇਤਾ, ਸਲਾਹ ਅਤੇ ਸਹੂਲਤ ਦੁਆਰਾ ਖੋਜ ਲਈ ਇੱਕ ਅਨੁਕੂਲ ਵਾਤਾਵਰਣ ਬਣਾਉਣਾ।

ਖੋਜ ਅਤੇ ਨਵੀਨਤਾ ਇਕ ਵੱਡੀ ਅਤੇ ਸ਼ਕਤੀਸ਼ਾਲੀ ਅਰਥ-ਵਿਵਸਥਾ ਨੂੰ ਉਭਾਰਨ ਅਤੇ ਉਤਸ਼ਾਹਿਤ ਕਰਨ, ਸਮਾਜ ਨੂੰ ਉੱਪਰ ਚੁੱਕਣ ਅਤੇ ਇੱਕ ਰਾਸ਼ਟਰ ਨੂੰ ਉਤਸ਼ਾਹਿਤ ਕਰਨ 'ਤੇ ਕੇਂਦਰਿਤ ਹੈ। ਅਜੋਕੇ ਸੰਸਾਰ ਵਿੱਚ ਤੇਜ਼ੀ ਨਾਲ ਹੋਣ ਵਾਲੀਆਂ ਤਬਦੀਲੀਆਂ- ਵਾਤਾਵਰਣ, ਟੈਕਨਾਲੋਜੀ, ਆਬਾਦੀ ਦਾ ਗਤੀ ਵਿਗਿਆਨ ਅਤੇ ਇਸ ਤਰ੍ਹਾਂ ਦੇ ਦੂਜੇ ਮਾਮਲੇ-ਦੇ ਕਾਰਨ ਇੱਕ ਮਜ਼ਬੂਤ ਖੋਜ ਪ੍ਰਣਾਲੀ ਨੂੰ ਪਹਿਲਾਂ ਨਾਲੋਂ ਕਿਤੇ ਮਹੱਤਵਪੂਰਨ ਬਣਾਉਣਗੇ।

a) ਭਾਰਤ ਸਰਕਾਰ ਦੀ ਇਕ ਖੁਦਮੁਖਤਿਆਰ ਸੰਸਥਾ ਦੇ ਰੂਪ ਵਿੱਚ ਨੈਸ਼ਨਲ ਰਿਸਰਚ ਫਾਊਂਡੇਸ਼ਨ ਦੀ ਸਥਾਪਨਾ ਸੰਸਦ ਦੇ ਇਕ ਕਾਨੂੰਨ ਰਾਹੀਂ ਕੀਤੀ ਜਾਵੇਗੀ। ਇਸ ਨੂੰ 20,000 ਕਰੋੜ ਰੁਪਏ (~ GDP ਦਾ 0.1%) ਦੀ ਸਾਲਾਨਾ ਗ੍ਰਾਂਟ ਦਿੱਤੀ ਜਾਵੇਗੀ; ਜਿਵੇਂ ਜਿਵੇਂ ਦੇਸ਼ ਵਿੱਚ ਖੋਜ ਦੀ ਗੁਣਵੱਤਾ ਅਗਾਂਹ ਵਧੇਗੀ ਤਾਂ ਅਗਲੇ ਦਹਾਕੇ ਵਿੱਚ ਇਸ ਦੀ ਵਿੱਤੀ ਸਮਰੱਥਾ ਨੂੰ ਹੋਰ ਵਿਕਸਿਤ ਕੀਤਾ ਜਾਏਗਾ।

b) ਇਸ ਫਾਊਂਡੇਸ਼ਨ ਦੇ ਮੂਲ ਕਾਰਜਾਂ ਵਿੱਚ ਹੇਠ ਲਿਖੇ ਕੰਮ ਸ਼ਾਮਲ ਹੋਣਗੇ:

- ਇੱਕ ਮੁਕਾਬਲੇਬਾਜ਼ੀ, ਪੀਅਰ-ਰਿਵਿਊ ਆਧਾਰਿਤ ਪ੍ਰਕਿਰਿਆ ਦੁਆਰਾ ਅਕਾਦਮਿਕ ਦ੍ਰਿਸ਼ਟੀਕੋਣ ਵਿਚਲੇ ਸਾਰੇ ਵਿਸ਼ਿਆਂ ਵਿੱਚ ਖੋਜ ਲਈ ਵਿੱਤੀ ਸਹਾਇਤਾ।
- ਪੂਰੇ ਦੇਸ਼ ਵਿੱਚ ਅਕਾਦਮਿਕ ਸੰਸਥਾਵਾਂ ਵਿੱਚ ਖੋਜ ਦੀ ਸਮਰੱਥਾ ਨੂੰ ਪ੍ਰਫੁਲੱਤ ਕੀਤਾ ਜਾਵੇਗਾ।
- ਖੋਜਾਰਥੀਆਂ, ਸਰਕਾਰ ਅਤੇ ਉਦਯੋਗ ਦੇ ਵਿਚਕਾਰ ਲਾਹੇਵੰਦ ਲਿੰਕਾਂ ਨੂੰ ਬਣਾਉਣ ਲਈ ਇਹ ਯਕੀਨੀ ਬਣਾਉਣਾ ਕਿ ਸਭ ਤੋਂ ਮਹੱਤਵਪੂਰਨ ਕੌਮੀ ਮੁੱਦਿਆਂ ‘ਤੇ ਖੋਜ ਕੀਤੀ ਗਈ ਹੈ ਅਤੇ ਜਨਤਕ ਭਲਾਈ ਲਈ ਨਵੀਨਤਮ ਖੋਜ ਸਫਲਤਾਪੂਰਵਕ ਲਾਗੂ ਕੀਤੀ ਗਈ ਹੈ।
- ਵਿਸ਼ੇਸ਼ ਇਨਾਮ ਅਤੇ ਸੈਮੀਨਾਰਾਂ ਰਾਹੀਂ ਸ਼ਾਨਦਾਰ ਖੋਜਾਂ ਨੂੰ ਮਾਨਤਾ ਦੇਣਾ।

c) ਫਾਊਂਡੇਸ਼ਨ ਦੀਆਂ ਚਾਰ ਪ੍ਰਮੁੱਖ ਡਵੀਜ਼ਨ ਹੋਣਗੀਆਂ- ਵਿਗਿਆਨ, ਟੈਕਨਾਲੋਜੀ, ਸਮਾਜਿਕ ਵਿਗਿਆਨ ਅਤੇ ਕਲਾ ਅਤੇ ਮਨੁੱਖਤਾ

# ਵਾਧੂ ਪ੍ਰਮੁੱਖ ਫੋਕਸ ਖੇਤਰ

## 1. ਸਿੱਖਿਆ ਟੈਕਨਾਲੋਜੀ

**ਉਦੇਸ਼:** ਅਧਿਆਪਕਾਂ ਦੀ ਤਿਆਰੀ ਅਤੇ ਵਿਕਾਸ ਦੀ ਹਿਮਾਇਤ ਕਰਨ, ਅਧਿਆਪਨ, ਸਿਖਲਾਈ ਅਤੇ ਮੁਲਾਂਕਣ ਪ੍ਰਕਿਰਿਆ ਨੂੰ ਬਿਹਤਰ ਬਣਾਉਣ, ਸੁਵਿਧਾ ਤੋਂ ਵੰਚਿਤ ਸਮੂਹ ਤੱਕ ਸਿੱਖਿਆ ਦੀ ਪਹੁੰਚ ਨੂੰ ਵਧਾਉਣ, ਅਤੇ ਵਿੱਦਿਅਕ ਯੋਜਨਾ, ਪ੍ਰਸ਼ਾਸਨ ਅਤੇ ਪ੍ਰਬੰਧਨ ਪ੍ਰਕਿਰਿਆ ਸਰਲ ਅਤੇ ਕਾਰਗਰ ਬਣਾਉਣ ਸਹਿਤ ਸਿੱਖਿਆ ਦੇ ਸਾਰੇ ਖੇਤਰਾਂ ਵਿੱਚ ਟੈਕਨਾਲੋਜੀ ਦਾ ਉਪਯੁਕਤ ਏਕੀਕਰਨ ਕਰਨਾ।

ਇਸ ਨੀਤੀ ਦਾ ਉਦੇਸ਼ ਇਹ ਦੇਖਣਾ ਹੈ ਕਿ ਹੇਠ ਲਿਖਿਆਂ ਲਈ ਟੈਕਨਾਲੋਜੀ ਉਚਿਤ ਰੂਪ ਨਾਲ ਸਿੱਖਿਆ ਦੇ ਸਾਰੇ ਪੱਧਰਾਂ ਵਿੱਚ ਏਕੀਕਰਨ ਲਈ:i)ਅਧਿਆਪਨ, ਸਿਖਲਾਈ ਅਤੇ ਮੁਲਾਂਕਣ ਪ੍ਰਕਿਰਿਆ ਵਿੱਚ ਸੁਧਾਰ ਕਰ ਰਹੀ ਹੈ; ii) ਅਧਿਆਪਕਾਂ ਦੀ ਤਿਆਰੀ ਉਹਨਾਂ ਦੇ ਨਿਰੰਤਰ ਵਿਕਾਸ ਦੀ ਹਿਮਾਇਤ ਕਰ ਰਹੀ ਹੈ; iii) ਸੁਵਿਧਾ ਤੋਂ ਵੰਚਿਤ ਸਮੂਹਾਂ ਤੱਕ ਵਿੱਦਿਅਕ ਪਹੁੰਚ ਵਧਾ ਰਹੀ ਹੈ;iv) ਸਿੱਖਿਆ ਯੋਜਨਾ, ਪ੍ਰਸ਼ਾਸਨ ਅਤੇ ਪ੍ਰਬੰਧਨ ਨੂੰ ਸੁਵਿਵਸਥਿਤ ਕਰ ਰਹੀ ਹੈ।

a) ਟੈਕਨਾਲੋਜੀ ਦੀ ਵਰਤੋਂ ਦੁਆਰਾ ਪ੍ਰਵੇਸ਼, ਤੈਨਾਤੀ, ਅਤੇ ਵਰਤੋਂ 'ਤੇ ਫੈਸਲਾ ਲੈਣ ਦੀ ਸਹੂਲਤ ਲਈ ਸੁਵਿਧਾ ਪ੍ਰਦਾਨ ਕਰਨ ਲਈ ਇਕ ਰਾਸ਼ਟਰੀ ਵਿੱਦਿਅਕ ਟੈਕਨਾਲੋਜੀ ਫੋਰਮ, ਇਕ ਸਵਾਧੀਨ ਸੰਸਥਾ ਦੇ ਰੂਪ ਵਿੱਚ ਸਥਾਪਿਤ ਕੀਤੀ ਜਾਵੇਗੀ। ਵਿਦਿਅਕ ਸੰਸਥਾਵਾਂ, ਰਾਜ ਅਤੇ ਕੇਂਦਰ ਸਰਕਾਰਾਂ ਨੂੰ ਅਗਵਾਈ ਪ੍ਰਦਾਨ ਕਰਨ ਅਤੇ ਹੋਰ ਹਿੱਤਧਾਰਕਾਂ ਨੂੰ ਨਵੀਨਤਮ ਗਿਆਨ ਅਤੇ ਖੋਜ ਦੇ ਨਾਲ-ਨਾਲ ਇਕ ਦੂਸਰੇ ਨਾਲ ਵਧੀਆ ਅਭਿਆਸਾਂ ਨਾਲ ਵਿਚਾਰ ਕਰਨ ਅਤੇ ਸਾਂਝਾ ਕਰਨ ਦੇ ਮੌਕੇ ਉਪਲਬਧ ਕਰਵਾਏਗਾ।

b) ਵਿੱਦਿਅਕ ਪ੍ਰਕਿਰਿਆਵਾਂ ਵਿੱਚ ਟੈਕਨਾਲੋਜੀ ਏਕੀਕਰਨ (ਜਿਵੇਂ ਅਨੁਵਾਦ ਵਿੱਚ ਸਹਾਇਤਾ, ਅਧਿਆਪਕੀ ਸਹਾਇਤਾ ਦੇ ਰੂਪ ਵਿੱਚ ਕਾਰਜ ਕਰਨਾ, ਨਿਰੰਤਰ ਪੇਸ਼ੇਵਰ ਵਿਕਾਸ, ਔਨਲਾਈਨ ਪਾਠਕ੍ਰਮ ਆਦਿ ਦੀ ਸੁਵਿਧਾ) ਨੂੰ ਡਿਜ਼ੀਟਲ ਰਿਪੋਜ਼ਟਰੀ, ਅਧਿਆਪਕ ਤਿਆਰੀ ਦੇ ਲਈ ਟੈਕਨਾਲੋਜੀ ਦਾ ਉਪਯੋਗ ਕਰਨ, ਯੋਗ ਹਿਮਾਇਤ ਅਤੇ ਖੋਜ ਦੇ ਮਾਧਿਅਮ ਨਾਲ ਅਨੁਕੂਲਿਤ ਕੀਤਾ ਜਾਵੇਗਾ। ਖੋਜ ਅਤੇ ਟੈਕਨਾਲੋਜੀ ਦੀ ਵਰਤੋਂ ਦੀ ਹਿਮਾਇਤ ਕਰਨ ਲਈ ਸਿੱਖਿਆ ਟੈਕਨਾਲੋਜੀ ਵਿੱਚ ਉਤਕ੍ਰਿਸ਼ਟ ਕੇਂਦਰ ਸਥਾਪਿਤ ਕੀਤੇ ਜਾਣਗੇ।

c) ਵਿੱਦਿਅਕ ਅੰਕੜਿਆਂ ਦਾ ਰਾਸ਼ਟਰੀ ਰਿਪੋਜ਼ਟਰੀ ਵਿੱਚ ਸੰਸਥਾਨਾਂ, ਅਧਿਆਪਕਾਂ ਅਤੇ ਵਿਦਿਆਰਥੀਆਂ ਨਾਲ ਸੰਬੰਧਿਤ ਸਾਰੇ ਰਿਕਾਰਡ ਡਿਜ਼ੀਟਲ ਰੂਪ ਵਿੱਚ ਰੱਖੇ ਜਾਣਗੇ।

## 2. ਵਿਵਸਾਇਕ ਸਿੱਖਿਆ

**ਉਦੇਸ਼:** ਵਿਵਸਾਇਕ ਸਿੱਖਿਆ ਨੂੰ ਸਾਰੇ ਵਿੱਦਿਅਕ ਸੰਸਥਾਨਾਂ – ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ– ਦੇ ਨਾਲ ਏਕੀਕ੍ਰਿਤ ਕਰਨਾ। ਸਾਲ 2025 ਤੱਕ ਘੱਟ ਤੋਂ ਘੱਟ 50% ਵਿਦਿਆਰਥੀਆਂ ਤੱਕ ਵਿਵਸਾਇਕ ਸਿੱਖਿਆ ਨੂੰ ਪਹੁੰਚਾਉਣਾ।

ਇਹ ਨੀਤੀ ਭਾਰਤ ਦੇ ਜਨਸੰਖਿਆ ਲਾਭਅੰਸ਼ ਦੀ ਪੂਰੀ ਸਮਰੱਥਾ ਨੂੰ ਪ੍ਰਾਪਤ ਕਰਨ ਲਈ, 2025 ਤੱਕ ਸਕੂਲ ਅਤੇ ਉੱਚ ਸਿੱਖਿਆ ਵਿਵਸਥਾ ਦੇ ਮਾਧਿਅਮ ਨਾਲ ਘੱਟੋ-ਘੱਟ 50%ਸਿਖਿਆਰਥੀਆਂ ਦੇ ਵਿਵਸਾਇਕ ਵਿਕਾਸ ਨੂੰ ਪ੍ਰਾਪਤ ਕਰਨ ਦਾ ਉਦੇਸ਼ ਨਿਰਧਾਰਿਤ ਕਰਦੀ ਹੈ।

a) ਅਗਲੇ ਦਹਾਕੇ ਤੱਕ ਵਿਵਸਾਇਕ ਸਿੱਖਿਆ ਨੂੰ ਪੜਾਅਵਾਰ ਤਰੀਕੇ ਨਾਲ **ਸਾਰੇ ਸਿੱਖਿਆ ਸੰਸਥਾਨਾਂ ਵਿੱਚ ਏਕੀਕ੍ਰਿਤ** ਕੀਤਾ ਜਾਵੇਗਾ। ਫੋਕਸ ਖੇਤਰਾਂ ਨੂੰ ਮੁਹਾਰਤ ਅੰਤਰ ਵਿਸ਼ਲੇਸ਼ਣ ਅਤੇ ਸਥਾਨਕ ਮੌਕਿਆਂ ਦੇ ਮੈਪਿੰਗ ਆਧਾਰ ਉੱਤੇ ਚੁਣਿਆ ਜਾਵੇਗਾ ਅਤੇ ਤਕਨੀਕੀ ਤੇ ਵਿਵਸਾਇਕ ਸਿੱਖਿਆ ਉਦਾਰ ਸਿੱਖਿਆ ਦੀ ਪਰਿਕਲਪਨਾ ਦਾ ਹਿੱਸਾ ਹੋਵੇਗੀ। ਵਿਵਸਾਇਕ ਸਿੱਖਿਆ ਦੇ ਏਕੀਕਰਨ ਲਈ ਰਾਸ਼ਟਰੀ ਕਮੇਟੀ ਇਸ ਦੀ ਯਤਨ ਨਿਗਰਾਨੀ ਕਰੇਗੀ।

b) ਇਹ ਬਦਲਾਵ ਵਿੱਦਿਅਕ ਸੰਸਥਾਨਾਂ, ਤਕਨੀਕੀ ਸੰਸਥਾਨਾਂ ਅਤੇ ਉਦਯੋਗ ਵਿੱਚ ਸਹਿਯੋਗ ਦੇ ਮਾਧਿਅਮ ਨਾਲ ਏਕੀਕਰਨ ਲਈ ਇਕ ਅਲੱਗ ਫੰਡ ਰੱਖਦੇ ਹੋਏ ਕੀਤਾ ਜਾਵੇਗਾ।

c) ਹਰੇਕ ਵਿਸ਼ੇ/ਕਿੱਤੇ/ਪੇਸ਼ੇ ਲਈ **ਰਾਸ਼ਟਰੀ ਮੁਹਾਰਤਾਂ ਰੂਪਰੇਖਾ** ਅੱਗੇ ਵਿਸਤ੍ਰਿਤ ਹੋਵੇਗੀ। ਇਸਦੇ ਇਲਾਵਾ ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਦੁਆਰਾ ਬਣਾਏ ਗਏ ਕਿੱਤਿਆਂ ਦੇ ਅੰਤਰਰਾਸ਼ਟਰੀ ਮਾਨਕ ਵਰਗੀਕਰਨ ਦੇ ਨਾਲ ਭਾਰਤੀ ਮਾਨਕਾਂ ਦਾ ਮਿਲਾਨ ਕੀਤਾ ਜਾਵੇਗਾ। ਰੂਪਰੇਖਾ **ਪੂਰਵ ਸਿਖਲਾਈ ਦਾ ਮਾਨਤਾ** ਲਈ ਆਧਾਰ ਪ੍ਰਦਾਨ ਕਰੇਗੀ। ਇਸਦੇ ਮਾਧਿਅਮ ਨਾਲ ਉਪਚਾਰਿਕ ਵਿਵਸਥਾ ਤੋਂ ਡ੍ਰਾਪਆਉਟ ਨੂੰ ਰੂਪਰੇਖਾ ਉੱਤੇ ਸੰਬੰਧਿਤ ਪੱਧਰ ਦੇ ਨਾਲ ਵਿਵਹਾਰਿਕ ਅਨੁਭਵ ਨੂੰ ਸੰਰੇਖਿਤ ਕਰਦੇ ਹੋਏ, ਫਿਰ ਤੋਂ ਸਥਾਪਿਤ ਕੀਤਾ ਜਾਵੇਗਾ। ਰੂਪਰੇਖਾ ਆਮ ਅਤੇ ਵਿਵਸਾਇਕ ਸਿੱਖਿਆ ਵਿੱਚ ਗਤੀਸ਼ੀਲਤਾ ਦੀ ਸੁਵਿਧਾ ਵੀ ਪ੍ਰਦਾਨ ਕਰੇਗੀ।

d) **2030-35 ਤੱਕ** ਵਿਵਸਾਇਕ ਸਿੱਖਿਆ ਨੂੰ **ਅੰਡਰਗ੍ਰੈਜੂਏਟ ਪੱਧਰ 'ਤੇ ਦਾਖ਼ਲੇ** ਦੇ 50% ਦੀ ਸਮਰੱਥਾ ਤੱਕ ਵਧਾਇਆ ਜਾਵੇਗਾ। ਉੱਚ ਸਿੱਖਿਆ ਸੰਸਥਾਨ ਆਪ ਜਾਂ ਉਦਯੋਗ ਦੇ ਨਾਲ ਸਾਂਝੇਦਾਰੀ ਵਿੱਚ ਵਿਵਸਾਇਕ ਸਿੱਖਿਆ ਦੇ ਸਕਦੇ ਹਨ।

e) ਉੱਚ ਸਿੱਖਿਆ ਸੰਸਥਾਨਾਂ ਦੁਆਰਾ ਵਿਵਸਾਇਕ ਸਿੱਖਿਆ ਅਤੇ ਸ਼ਾਗਿਰਦੀ ਪ੍ਰਦਾਨ ਕਰਨ ਲਈ **ਮਾੱਡਲਾਂ** ਦਾ ਵੀ ਪ੍ਰਯੋਗ ਕੀਤਾ ਜਾ ਸਕਦਾ ਹੈ। ਉਦਯੋਗਾਂ ਨਾਲ ਸਾਂਝੇਦਾਰੀ ਵਿੱਚ ਉੱਚ ਸਿੱਖਿਆ ਸੰਸਥਾਨਾਂ ਵਿੱਚ ਇਨਕੁਬੇਸ਼ਨ (Incubation) ਕੇਂਦਰ ਸਥਾਪਿਤ ਕੀਤੇ ਜਾਣਗੇ।

f) **'ਲੋਕ ਵਿੱਦਿਆ'**, ਭਾਰਤ ਵਿੱਚ ਵਿਕਸਿਤ ਗਿਆਨ, ਵਿਦਿਆਰਥੀਆਂ ਲਈ ਵਿਵਸਾਇਕ ਸਿੱਖਿਆ ਪਾਠਕ੍ਰਮਾਂ ਵਿੱਚ ਏਕੀਕਰਨ ਦੇ ਮਾਧਿਅਮ ਨਾਲ ਪਹੁੰਚਯੋਗ ਬਣਾਇਆ ਜਾਵੇਗਾ।

## 3. ਬਾਲਗ ਸਿੱਖਿਆ

**ਉਦੇਸ਼:** 2030 ਤੱਕ ਨੌਜਵਾਨ ਅਤੇ ਬਾਲਗ ਸਾਖਰਤਾ ਦਰ ਨੂੰ 100% ਤੱਕ ਪਹੁੰਚਾਉਣਾ ਅਤੇ ਬਾਲਗ ਅਤੇ ਨਿਰੰਤਰ ਸਿੱਖਿਆ ਪ੍ਰੋਗਰਾਮਾਂ ਨੂੰ ਵਿਸ਼ੇਸ਼ ਤੌਰ 'ਤੇ ਵਿਸਤਾਰ ਦੇਣਾ।

ਸਾਖਰਤਾ ਅਤੇ ਬੁਨਿਆਦੀ ਸਿੱਖਿਆ ਵਿਅਕਤੀਗਤ, ਨਾਗਰਿਕ, ਆਰਥਿਕ ਅਤੇ ਜੀਵਨ-ਭਰ ਸਿੱਖਣ ਦੇ ਮੌਕਿਆਂ ਦੀ ਭਾਗੀਦਾਰ ਯੋਗ ਬਣਾਉਣਾ – ਇਹ ਹਰੇਕ ਨਾਗਰਿਕ ਦਾ ਅਧਿਕਾਰ ਹੈ। ਕੁਝ ਵੀ ਹੋਵੇ, ਸਾਡੀ ਨੌਜਵਾਨ ਅਤੇ ਬਾਲਗ ਆਬਾਦੀ ਦਾ ਇਕ ਮੰਨਣਯੋਗ ਹਿੱਸਾ ਅਜੇ ਵੀ ਅਨਪੜ੍ਹ ਹੈ।

a) ਬਾਲਗ ਸਿੱਖਿਆ ਲਈ ਰਾਸ਼ਟਰੀ ਪਾਠਕ੍ਰਮ ਦੀ ਰੂਪਰੇਖਾ ਪੰਜ ਵੱਡੇ ਖੇਤਰਾਂ ਨੂੰ ਕਵਰ ਕਰਦੀ ਵਿਕਸਿਤ ਕੀਤੀ ਜਾਵੇਗੀ – ਬੁਨਿਆਦੀ ਸਾਖਰਤਾ ਅਤੇ ਅੰਕੜਾ-ਗਿਆਨ, ਮਹੱਤਵਪੂਰਨ ਜੀਵਨ ਮੁਹਾਰਤ, ਵਿਵਸਾਇਕ ਮੁਹਾਰਤ, ਮੁਢਲੀ ਸਿੱਖਿਆ ਅਤੇ ਨਿਰੰਤਰ ਸਿੱਖਿਆ। ਇਸ ਰੂਪਰੇਖਾ ਪਾਠ-ਪੁਸਤਕਾਂ ਅਤੇ ਸਿੱਖਣ ਸਮੱਗਰੀ ਦੇ ਮੁਲਾਂਕਣ ਅਤੇ ਪ੍ਰਮਾਣੀਕਰਨ ਲਈ ਮਾਨਦੰਡ ਵਿਕਾਸ ਜੋੜਿਆ ਜਾਵੇਗਾ।

b) ਬਾਲਗ ਸਿੱਖਿਆ ਦੇਣ ਲਈ ਬਾਲਗ ਸਿੱਖਿਆ ਟਿਊਟਰਜ ਪ੍ਰੋਗਰਾਮ ਦੇ ਮਾਧਿਅਮ ਨਾਲ ਬਾਲਗ ਸਿੱਖਿਆ ਕੇਂਦਰ ਦੇ ਪ੍ਰਬੰਧਨ ਅਤੇ ਸਿੱਖਿਅਕਾਂ ਦਾ ਇਕ **ਵਰਗ,** ਨਾਲ ਹੀ ਇਕ ਵੱਡੀ ਟੀਮ ਇਕ ਲਈ ਇਕ ਟਿਊਟਰਜ ਦੁਆਰਾ ਬਣਾਈ ਜਾਵੇਗੀ।

c) **ਮੌਜੂਦਾ ਪਹੁੰਚ ਅਤੇ ਪ੍ਰੋਗਰਾਮ** ਨੂੰ ਭਾਈਵਾਲਾਂ ਦੀ ਪਹਿਚਾਣ ਕਰਨ ਲਈ ਉਠਾਏ ਜਾਣਗੇ, ਸਮੁਦਾਇ ਵਲੰਟੀਅਰਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ – ਸਮੁਦਾਇ ਦਾ ਹਰੇਕ ਪੜ੍ਹਿਆ-ਲਿਖਿਆ ਮੈਂਬਰ ਘੱਟ ਤੋਂ ਘੱਟ ਇਕ ਵਿਅਕਤੀ ਨੂੰ ਪੜ੍ਹਾਏ, ਇਕ ਮਹੱਤਵਪੂਰਨ ਕਾਰਜਨੀਤੀ ਹੋਵੇਗੀ। **ਵੱਡੇ ਪੱਧਰ 'ਤੇ ਜਨ ਜਾਗਰੂਕਤਾ** ਉਤਪੰਨ ਕੀਤੀ ਜਾਵੇਗੀ। **ਮਹਿਲਾਵਾਂ ਦੀ ਸਾਖਰਤਾ** ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਜਾਵੇਗਾ।

## 4. ਭਾਰਤੀ ਭਾਸ਼ਾਵਾਂ ਦਾ ਪ੍ਰਚਾਰ

ਉਦੇਸ਼: ਸਾਰੀਆਂ ਭਾਰਤੀ ਭਾਸ਼ਾਵਾਂ ਦੀ ਸੁਰੱਖਿਆ, ਵਿਕਾਸ ਅਤੇ ਵਚਿੱਤਰਤਾ ਸੁਨਿਸ਼ਚਿਤ ਕਰਨਾ।

ਹਰੇਕ ਖੇਤਰ ਦੀ ਸੰਸਕ੍ਰਿਤੀ ਅਤੇ ਪਰੰਪਰਾ ਦਾ ਸਹੀ ਸੰਮਿਲਨ ਅਤੇ ਸੁਰੱਖਿਆ, ਅਤੇ ਸਕੂਲਾਂ ਵਿੱਚ ਸਾਰੇ ਵਿਦਿਆਰਥੀਆਂ ਦੁਆਰਾ ਸਹੀ ਸਮਝ ਨੂੰ ਸਿਰਫ਼ ਤਾਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ, ਜਦੋਂ ਆਦਿਵਾਸੀ ਭਾਸ਼ਾਵਾਂ ਸਹਿਤ ਭਾਰਤੀ ਭਾਸ਼ਾਵਾਂ ਨੂੰ ਉਚਿਤ ਸਨਮਾਨ ਦਿੱਤਾ ਜਾਵੇ। ਇਸ ਤਰ੍ਹਾਂ ਇਹ ਅਸਲ ਵਿੱਚ ਭਾਰਤ ਦੀਆਂ ਸਮਰਿੱਧ ਭਾਸ਼ਾਵਾਂ ਅਤੇ ਸਾਹਿਤ ਨੂੰ ਸੁਰੱਖਿਅਤ ਕਰਨ ਲਈ ਮਹੱਤਵਪੂਰਨ ਹੈ।

a) ਸਾਰੇ ਦੇਸ਼ ਵਿੱਚ ਭਾਰਤੀ ਭਾਸ਼ਾਵਾਂ ਅਤੇ ਸਾਹਿਤ ਦੇ ਮਜ਼ਬੂਤ ਪ੍ਰੋਗਰਾਮਾਂ ਦੇ ਮਾਧਿਅਮ ਨਾਲ, ਅਧਿਆਪਕਾਂ ਅਤੇ ਫੈਕਲਟੀ ਦੀ ਭਰਤੀ, ਉਦੇਸ਼ਿਤ ਖੋਜ, ਅਤੇ ਕਲਾਸੀਕਲ ਭਾਸ਼ਾਵਾਂ ਦਾ ਪ੍ਰਚਾਰ ਕਰਕੇ, ਭਾਰਤੀ ਭਾਸ਼ਾਵਾਂ ਵਿੱਚ ਭਾਸ਼ਾ, ਸਾਹਿਤ, ਵਿਗਿਆਨਿਕ ਸ਼ਬਦਾਵਲੀ ਉੱਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ।

b) ਕਲਾਸੀਕਲ ਭਾਸ਼ਾਵਾਂ ਅਤੇ ਸਾਹਿਤ ਦਾ ਪ੍ਰਚਾਰ ਕਰਨ ਲਈ ਮੌਜੂਦਾ ਰਾਸ਼ਟਰੀ ਸੰਸਥਾਨਾਂ ਨੂੰ ਮਜ਼ਬੂਤ ਕੀਤਾ ਜਾਵੇਗਾ। ਪਾਲੀ, ਫ਼ਾਰਸੀ ਅਤੇ ਪ੍ਰਾਕਿਰਤ ਲਈ ਇਕ ਰਾਸ਼ਟਰੀ ਸੰਸਥਾਨ ਵੀ ਸਥਾਪਿਤ ਕੀਤਾ ਜਾਵੇਗਾ।

c) ਵਿਗਿਆਨਿਕ ਅਤੇ ਤਕਨੀਕੀ ਸ਼ਬਦਾਵਲੀ ਆਯੋਗ ਦਾ ਅਧਿਆਦੇਸ਼ਹੈ ਕਿ ਸਾਰੇ ਦੇਸ਼ ਵਿੱਚ ਇਕ-ਰੂਪ ਸ਼ਬਦਾਵਲੀ ਦਾ ਵਿਕਾਸ ਕਰਕੇ, ਇਸਦਾ ਨਵੀਨੀਕਰਨ ਕੀਤਾ ਜਾਵੇ ਅਤੇ ਨਾ-ਸਿਰਫ਼ ਭੌਤਿਕ ਵਿਗਿਆਨ ਦੇ ਲਈ ਬਲਕਿ ਸਾਰੇ ਵਿਸ਼ਿਆਂ ਅਤੇ ਖੇਤਰਾਂ ਨੂੰ ਸ਼ਾਮਿਲ ਕਰਕੇ ਇਸਦਾ ਹੋਰ ਜ਼ਿਆਦਾ ਵਿਸਤਾਰ ਕੀਤਾ ਜਾਵੇ।

# ਰਾਸ਼ਟਰੀ ਸਿੱਖਿਆ ਆਯੋਗ

## 1. ਟਰਾਂਸਫੋਰਮਿੰਗ ਸਿੱਖਿਆ: ਰਾਸ਼ਟਰੀ ਸਿੱਖਿਆ ਆਯੋਗ

**ਉਦੇਸ਼:** ਨਵੇਂ ਰਾਸ਼ਟਰੀ ਸਿੱਖਿਆ ਆਯੋਗ ਦੀ ਅਗਵਾਈ ਵਿੱਚ ਭਾਰਤੀ ਸਿੱਖਿਆ ਵਿਵਸਥਾ ਦੀ ਪਰਿਕਲਪਨਾ ਨਾਲ ਅਮਲੀ ਰੂਪ, ਸਾਰੇ ਪੱਧਰਾਂ 'ਤੇ ਸਮਾਨਤਾ ਅਤੇ ਉਤਕ੍ਰਿਸ਼ਟਤਾ ਪ੍ਰਦਾਨ ਕਰਨਾ ਅਤੇ ਸਹਿਕਿਰਿਸ਼ੀਲਤਾ ਨਾਲ ਕੰਮ ਕਰਨ ਵੱਲ ਵੱਧਣਾ।

ਭਾਰਤੀ ਸਿੱਖਿਆ ਵਿਵਸਥਾ ਨੂੰ ਅਗਵਾਈ ਦੀ ਜ਼ਰੂਰਤ ਹੈ, ਜੋ ਤਾਲੀਮ ਦੀ ਉਤਕ੍ਰਿਸ਼ਟਤਾ ਨੂੰ ਵੀ ਸੁਨਿਸ਼ਚਿਤ ਕਰੇਗਾ।

a) ਰਾਸ਼ਟਰੀ ਸਿੱਖਿਆ ਆਯੋਗ ਜਾਂ ਨੈਸ਼ਨਲ ਐਜੂਕੇਸ਼ਨ ਕਮਿਸ਼ਨ ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਵਿੱਚ ਅਪੈਕਸ ਸੰਸਥਾ ਦੇ ਰੂਪ ਵਿੱਚ ਗਠਿਤ ਕੀਤਾ ਜਾਵੇਗਾ।

b) ਕੇਂਦਰੀ ਸਿੱਖਿਆ ਮੰਤਰੀ ਦਿਨ ਪ੍ਰਤੀ ਦਿਨ ਦੇ ਮਾਮਲਿਆਂ ਨਾਲ ਸੰਬੰਧਿਤ ਸਿੱਧੀਆ ਜ਼ਿੰਮੇਵਾਰੀਆਂ ਨਾਲ ਉਪ-ਪ੍ਰਧਾਨ ਹੋਵੇਗਾ।

c) **ਆਯੋਗ ਵਿੱਚ** ਉੱਘੇ ਵਿੱਦਿਆਵੇਤਾ, ਖੋਜ ਕਰਤੇ, ਕੇਂਦਰੀ ਮੰਤਰੀ, ਵਿਭਿੰਨ ਰਾਜਾਂ ਦੇ ਮੁਖ ਮੰਤਰੀਆਂ ਦੇ ਪ੍ਰਤਿਨਿਧੀ ਅਤੇ ਵਿਭਿੰਨ ਖੇਤਰਾਂ ਦੇ ਉੱਘੇ ਪੇਸ਼ੇਵਰਾਂ ਦੇ ਲੋਕ **ਸ਼ਾਮਿਲ ਹੋਣਗੇ।** ਆਯੋਗ ਦੇ ਸਾਰੇ ਮੈਂਬਰ ਉੱਚ ਵਿਸ਼ੇਸ਼ੱਗ ਅਤੇ ਆਪਣੇ ਖੇਤਰਾਂ ਵਿੱਚਜਨਤਕ ਯੋਗਦਾਨ ਵਿੱਚ ਮਾਨਤਾ ਪ੍ਰਾਪਤ ਅਤੇ ਦੋਸ਼-ਰਹਿਤ ਇਮਾਨਦਾਰ ਅਤੇ ਸੁਤੰਤਰ ਲੋਕ ਹੋਣਗੇ।

d) ਆਯੋਗ **ਭਾਰਤ ਵਿੱਚ ਸਿੱਖਿਆ ਦਾ ਨਿਗਰਾਨ** ਹੋਵੇਗਾ। ਇਹ ਸਾਡੇ ਸਮਾਜ ਦੀਆਂ ਕੁਦਰਤੀ ਵਿਵਧਤਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਿੱਖਿਆ ਦੇ ਏਕੀਕ੍ਰਿਤ ਰਾਸ਼ਟਰੀ ਵਿਜ਼ਨ ਦਾ ਪੱਖੀ ਹੋਵੇਗਾ।

e) ਇਕਸਾਰਤਾ ਅਤੇ ਤਾਲਮੇਲ ਸੁਨਿਸ਼ਚਿਤ ਕਰਨ ਲਈ ਆਯੋਗ **ਹਰੇਕ ਰਾਜ ਨਾਲ ਮਿਲਕੇ ਕਾਰਜ** ਕਰੇਗਾ। ਰਾਜ ਸਿੱਖਿਆ ਲਈ ਅਪੈਕਸ ਰਾਜ ਸੰਸਥਾ ਗਠਿਤ ਕਰ ਸਕਦੇ ਹਨ ਜਿਹਨਾਂ ਨੂੰ ਰਾਜ ਸਿੱਖਿਆ ਆਯੋਗ ਜਾਂ ਸਟੇਟ ਐਜੂਕੇਸ਼ਨ ਕਮਿਸ਼ਨ ਕਿਹਾ ਜਾ ਸਕਦਾ ਹੈ।

# ਸਿੱਖਿਆ ਲਈ ਆਰਥਿਕ ਸਾਧਨ

## 1. ਸਿੱਖਿਆ ਲਈ ਆਰਥਿਕ ਸਾਧਨ

a) ਇਹ ਨੀਤੀ ਵਿੱਦਿਅਕ ਨਿਵੇਸ਼ ਨੂੰ ਵਧਾਉਣ ਲਈ ਵਚਨਬੱਧ ਹੈ, ਕਿਉਂਕਿ ਸਿੱਖਿਆ ਦੇ ਲਾਭ ਦੇ ਰੂਪ ਵਿੱਚ ਸਮਾਜ ਦੇ ਭਵਿੱਖ ਲਈ ਇਸਤੋਂ ਬਿਹਤਰ ਨਿਵੇਸ਼ ਕੋਈ ਨਹੀਂ ਹੈ, ਕਿਉਂਕਿ ਸਿੱਖਿਆ ਦੇ ਲਾਭ ਸੰਪੂਰਨ ਸਮਾਜ ਨੂੰ ਪ੍ਰਾਪਤ ਹੁੰਦੇ ਹਨ।

b) ਇਸ ਲਈ ਇਹ ਨੀਤੀ, **ਕੇਂਦਰ ਸਰਕਾਰ ਅਤੇ ਸਾਰੀਆਂਰਾਜ ਸਰਕਾਰਾਂ ਦੁਆਰਾ ਸਿੱਖਿਆ ਉੱਤੇ ਪਬਲਿਕ ਨਿਵੇਸ਼ ਵਿੱਚ 10 ਸਾਲਾਂ ਦੀ ਅਵਧੀ ਵਿੱਚ 20% ਤੱਕ ਵਾਧੇ ਉੱਤੇ** ਵਿਚਾਰ ਕਰਦੀ ਹੈ।

c) ਮਹੱਤਵਪੂਰਨ ਹਿੱਸਿਆਂ, ਜਿਵੇਂ ਕਿ ਸਿੱਖਣ ਦੇ ਸੰਸਾਧਨ, ਵਿਦਿਆਰਥੀ ਸੁਰੱਖਿਆ ਅਤੇ ਕਲਿਆਣ ਦੇ ਮਾਮਲੇ, ਪੋਸ਼ਣ ਸੰਬੰਧੀ ਸਹਾਇਤਾ, ਸੁਨਿਸ਼ਚਿਤ ਕਰਨ ਲਈ ਸਾਰੇ ਯਤਨਾਂ ਵਾਸਤੇ ਉਚਿਤ ਮਾਨਵ ਸੰਸਾਧਨ, ਅਧਿਆਪਕ ਵਿਕਾਸ ਅਤੇ ਸੁਵਿਧਾ ਤੋਂ ਵੰਚਿਤ ਅਤੇ ਘੱਟ ਪ੍ਰਤਿਨਿਧਤਵ ਵਾਲੇ ਸਮੂਹਾਂ ਲਈ ਸਮਾਨ ਉੱਚ ਗੁਣਵੱਤਾ ਵਾਲੀ ਸਿੱਖਿਆ ਸੁਨਿਸ਼ਚਿਤ ਕਰਨ ਲਈ ਵਿੱਤੀ ਸਹਾਇਤਾ ਨਾਲ ਸਮਝੌਤਾ ਨਹੀਂ ਕੀਤਾ ਜਾਵੇਗਾ।

d) ਇਹ ਨੀਤੀ, ਸਿੱਖਿਆ ਦੇ ਖੇਤਰ ਵਿੱਚ ਨਿੱਜੀ ਪਰਉਪਕਾਰੀ ਗਤੀਵਿਧੀਆਂ ਲਈ ਨਵੀਨੀਕਰਨ, ਸਕਿਰਿਆ ਪ੍ਰਚਾਰ ਅਤੇ ਸਹਾਇਤਾ ਕਰਦੀ ਹੈ। ਵਿੱਦਿਅਕ ਯਤਨਾਂ ਲਈ ਗੈਰ-ਲਾਭਕਾਰੀ ਸੰਪੂਰਨ ਸੇਵਾ-ਭਾਵ ਆਰਥਿਕ ਸਾਧਨਾਂ ਨੂੰ ਮੌਜੂਦਾ ਸੰਸਥਾਵਾਂ ਦੀਆਂ ਜਟਿਲ ਜ਼ਰੂਰਤਾਂ ਪ੍ਰਤੀ ਸੰਚਾਲਿਤ ਕੀਤਾ ਜਾਵੇਗਾ।

e) ਇਕ ਵਾਰੀ ਖ਼ਰਚ ਦੇ ਇਲਾਵਾ, ਮੁੱਖ ਰੂਪ ਵਿੱਚ ਬੁਨਿਆਦੀ ਢਾਂਚੇ ਅਤੇ ਸੰਸਾਧਨ ਨਾਲ ਸੰਬੰਧਿਤ ਇਹ ਨੀਤੀ ਨਿਮਨ ਲਿਖਤ ਪ੍ਰਮੁੱਖ ਖੇਤਰਾਂ ਦੀ ਪਹਿਚਾਣ ਕਰਦੀ ਹੈ:(i) ਮੁਢਲੀ ਬਾਲ ਸਿੱਖਿਆ ਦਾ ਵਿਸਤਾਰ ਅਤੇ ਸੁਧਾਰ,(ii) ਬੁਨਿਆਦੀ ਸਾਖਰਤਾ ਅਤੇ ਅੰਕੜਾ-ਗਿਆਨ ਨੂੰ ਸੁਨਿਸ਼ਚਿਤ ਕਰਨਾ, (iii) ਸਕੂਲ ਕੰਪਲੈਕਸਾਂ ਨੂੰ ਲੋੜੀਂਦੇ ਅਤੇ ਉਚਿਤ ਸੰਸਾਧਨ, (iv) ਭੋਜਨ ਅਤੇ ਪੋਸ਼ਣ(ਸਵੇਰ ਅਤੇ ਦੁਪਿਹਰ ਦਾ ਖਾਣਾ), (v) ਅਧਿਆਪਕ ਸਿੱਖਿਆ ਅਤੇ ਅਧਿਆਪਕਾਂ ਦਾ ਨਿਰੰਤਰ ਪੇਸ਼ੇਵਰ ਵਿਕਾਸ, (vi) ਕਾਲਜਾਂ ਅਤੇ ਯੂਨੀਵਰਸਿਟੀਆਂ ਦਾ ਮੁੜਉਦਾਰ, (vii) ਅਤੇ ਖੋਜ।

f) ਪ੍ਰਸ਼ਾਸਨ ਅਤੇ ਪ੍ਰਬੰਧਨ ਦਾ ਸੁਚਾਰੂ, ਸਮੇਂ ‘ਤੇ, ਅਤੇ ਫੰਡਾਂ ਦਾ ਉਚਿਤ ਪ੍ਰਵਾਹ, ਅਤੇ ਉਹਨਾਂ ਦੀ ਵਰਤੋਂ ਉੱਤੇ ਧਿਆਨ ਕੇਂਦਰਿਤ ਕਰੇਗਾ। ਇਹ ਭੂਮਿਕਾ ਦੇ ਸਪਸ਼ਟ ਵਖਰੇਵਿਆਂ, ਸਮਰੱਥਤਾ ਅਤੇ ਸੰਸਥਾਵਾਂ ਨੂੰ ਸਵਾਧੀਨਤਾ, ਅਗਵਾਈ ਦੀ ਭੂਮਿਕਾ ਲਈ ਲੋਕਾਂ ਦੀ ਨਿਯੁਕਤੀ ਅਤੇ ਪ੍ਰਬੁੱਧ ਨਿਰੀਖਣ ਦੁਆਰਾ ਸੰਭਵ ਕੀਤਾ ਜਾਵੇਗਾ।

g) ਸਿੱਖਿਆ ਦੇ ਵਣਜੀਕਰਨ ਦੇ ਮਾਮਲੇ ਨੂੰ ਬਹੁ-ਪ੍ਰਸੰਗਿਕ ਮੋਰਚਿਆਂ ਜਿਸ ਵਿੱਚ‘ਸੌਖਾ ਪਰ ਠੋਸ’ਵਿਧਾਨਕ ਪਹੁੰਚ, ਸਰਵਜਨਕ ਸਿੱਖਿਆ ਵਿੱਚ ਲੋੜੀਂਦਾ ਨਿਵੇਸ਼ ਅਤੇ ਜਨਤਕ ਪਾਰਦਰਸ਼ੀ ਸਪਸ਼ਟੀਕਰਨ ਸਹਿਤ ਵਧੀਆ ਸ਼ਾਸਨ ਦੇ ਦੁਆਰਾ ਵਿਧੀ ਦੇ ਮਾਧਿਅਮ ਨਾਲ ਬਣਾਈ ਗਈ ਨੀਤੀ ਦੁਆਰਾ ਨਿਪਟਾਇਆ ਗਿਆ ਹੈ।

## 2. ਅੱਗੇ ਦਾ ਮਾਰਗ

ਇਹ ਨੀਤੀ ਸਮੇਂ ਸੀਮਾ ਦੇ ਨਾਲ-ਨਾਲ ਵਿਭਿੰਨ ਸੰਸਥਾਵਾਂ ਦੀ ਅਗਵਾਈ ਵਾਲੀਆਂ ਪ੍ਰਮੁੱਖ ਕਾਰਵਾਈਆਂ ਦੀ ਰੂਪਰੇਖਾ ਤਿਆਰ ਕਰਦੀ ਹੈ, ਸਿੱਖਿਆ ਵਿੱਚ ਸ਼ਾਮਿਲ ਸਾਰੀਆਂ ਸੰਸਥਾਵਾਂ ਵਿੱਚ ਯੋਜਨਾ ਅਤੇ ਤਾਲਮੇਲ ਵਿੱਚ ਸੰਗਤੀ ਦੇ ਮਾਧਿਅਮ ਨਾਲ ਇਹ ਸੁਨਿਸ਼ਚਿਤ ਕਰਨ ਲਈ ਕਿ ਨੀਤੀ ਨੂੰ ਉਸਦੀ ਮੂਲ ਭਾਵਨਾ ਅਤੇ ਇੱਛਾ ਨਾਲ ਲਾਗੂ ਕੀਤਾ ਜਾ ਰਿਹਾ ਹੈ।

**ਮਨੁੱਖਤਾ ਦੇ ਹਰੇਕ ਯੁੱਗ ਵਿੱਚ ਗਿਆਨ ਪੂਰਵਜਾਂ ਦੀਆਂ ਸਾਰੀਆਂ ਪੀੜ੍ਹੀਆਂ ਦੀਆਂ ਸਿਰਜਨਾਵਾਂ ਦੀ ਨੁਮਾਇੰਦਗੀ ਕਰਦਾ ਹੈ, ਜਿਸ ਵਿੱਚ ਮੌਜੂਦਾ ਪੀੜ੍ਹੀ ਆਪਣਾ ਯੋਗਦਾਨ ਦਿੰਦੀ ਹੈ।**

**ਮੋਬਿਅਸ ਦਾ ਮੂਲ ਭਾਵ ਗਿਆਨ ਦੀ ਨਿਰੰਤਰ, ਵਿਕਾਸਸ਼ੀਲ ਅਤੇ ਜੀਵੰਤ ਪ੍ਰਕਿਰਤੀ ਦਾ ਪ੍ਰਤੀਕ ਹੈ - ਜਿਸਦਾ ਨਾ ਕੋਈ ਮੁੱਢ ਹੈ ਤੇ ਨਾ ਕੋਈ ਅੰਤ।**

**ਇਹ ਨੀਤੀ ਨਿਰੰਤਰਤਾ ਦੇ ਅੰਗ ਦੇ ਰੂਪ ਵਿੱਚ ਗਿਆਨ ਦੀ ਸਿਰਜਨਾ, ਸੰਚਾਰਨ, ਵਰਤੋਂ ਅਤੇ ਪ੍ਰਸਾਰ ਦੀ ਪਰਿਕਲਪਨਾ ਕਰਦੀ ਹੈ।**

